# ਅਧਿਆਇ 1
# ਰਾਜ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਜਾਣ-ਪਛਾਣ ਤੇ ਪਿਛੋਕੜ

## 1. 1 ਜਾਣ-ਪਛਾਣ:

73ਵੇਂ ਸੰਵਿਧਾਨਕ ਸੋਧ ਐਕਟ-1992 ਦੀ ਧਾਰਾ-243(ਜੀ) ਤਹਿਤ ਪੰਚਾਇਤਾਂ ਵੱਲੋਂ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਲਈ ਯੋਜਨਾਬੰਦੀ ਕੀਤੇ ਜਾਣ ਦੀ ਗੱਲ ਕਹੀ ਗਈ ਹੈ। ਸੰਵਿਧਾਨ ਸਥਾਨਕ ਇਲਾਕੇ ਦੀ ਯੋਜਨਾਬੰਦੀ ਦੀ ਮੋਹਰੀ ਜ਼ਿੰਮੇਵਾਰੀ ਗ੍ਰਾਮ ਪੰਚਾਇਤ ਨੂੰ ਦਿੰਦਾ ਹੈ, ਜੋ ਇਸ ਲਈ "ਸਥਾਨਕ ਹਕੂਮਤ ਦੇ ਅਦਾਰੇ" ਵਜੋਂ ਕੰਮ ਕਰਨ ਅਤੇ ਬੁਨਿਆਦੀ ਪੱਧਰ ਉੱਤੇ ਨੀਤੀਆਂ-ਘੜਨ ਲਈ ਇੱਕ ਲਾਜ਼ਮੀ ਅਗਾਊਂ-ਸ਼ਰਤ ਹੈ ਅਤੇ ਇਸ ਤਹਿਤ ਪੰਚਾਇਤ ਮਹਿਜ਼ ਯੋਜਨਾਵਾਂ ਤੇ ਪ੍ਰੋਗਰਾਮ ਲਾਗੂ ਕਰਨ ਵਾਲੀ ਏਜੰਸੀ ਨਹੀਂ ਹੈ। ਪੰਜਾਬ ਪੰਚਾਇਤੀ ਰਾਜ ਐਕਟ, 1994 ਗ੍ਰਾਮ ਸਭਾ ਨੂੰ ਵੀ ਹੋਰ ਮਜ਼ਬੂਤ ਬਣਾਉਂਦਾ ਹੈ, ਜਿਸ ਤਹਿਤ ਇਸ ਨੂੰ ਗ੍ਰਾਮ ਪੰਚਾਇਤ ਵੱਲੋਂ ਸਮਾਜਿਕ ਅਤੇ ਆਰਥਿਕ ਵਿਕਾਸ ਦੀਆਂ ਯੋਜਨਾਵਾਂ, ਪ੍ਰੋਗਰਾਮ ਤੇ ਪ੍ਰਾਜੈਕਟ ਲਾਗੂ ਕੀਤੇ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਮਨਜ਼ੂਰੀ ਦੇਣ ਵਰਗੀਆਂ ਕਾਨੂੰਨੀ ਭੂਮਿਕਾਵਾਂ ਦਿੰਦਾ ਹੈ।

## 1. 2 ਗ੍ਰਾਮ ਪੰਚਾਇਤ ਪੱਧਰ ਉੱਤੇ ਯੋਜਨਾਬੰਦੀ ਦਾ ਤਰਕ:

ਪੰਜਾਬ ਪੰਚਾਇਤੀ ਰਾਜ ਐਕਟ, 1994 ਗ੍ਰਾਮ ਪੰਚਾਇਤਾਂ ਨੂੰ, ਤੇ ਵਸਨੀਕਾਂ ਨੂੰ ਬੁਨਿਆਦੀ ਸੇਵਾਵਾਂ ਮੁਹੱਈਆ ਕਰਵਾਉਣ, ਪਿੰਡ ਵਿੱਚ ਬੁਨਿਆਦੀ ਢਾਂਚਾ ਸਿਰਜਣ ਤੇ ਉਸ ਦੀ ਸਾਂਭ-ਸੰਭਾਲ, ਗ਼ਰੀਬੀ ਦੇ ਖ਼ਾਤਮੇ, ਸਾਂਝੇ ਜਾਇਦਾਦ ਵਸੀਲਿਆਂ ਦੇ ਪ੍ਰਬੰਧ ਅਤੇ ਮਨੁੱਖੀ ਵਿਕਾਸ ਲਈ ਜ਼ਰੂਰੀ ਹੋਰ ਕਦਮ ਚੁੱਕਣ ਜਿਹੇ ਕੁੱਝ ਪੱਕੇ ਜ਼ਰੂਰੀ ਅਤੇ ਅਖ਼ਤਿਆਰੀ ਕੰਮ ਕਰਨ ਦੇ ਅਧਿਕਾਰ ਦਿੰਦਾ ਹੈ।

ਕੇਂਦਰੀ ਅਤੇ ਰਾਜ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਨੇ ਗ੍ਰਾਮ ਪੰਚਾਇਤਾਂ ਨੂੰ ਭਾਰੀ ਰਕਮਾਂ ਵੰਡ ਕੇ ਉਨ੍ਹਾਂ ਲਈ ਸਥਾਨਕ ਪੱਧਰ ਉੱਤੇ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ, ਆਪਣੇ ਵਸੀਲਿਆਂ ਦੇ ਆਧਾਰ ਵਿੱਚ ਵਾਧਾ ਕਰਨ ਲਈ ਟਿਕਾਊ ਜਾਇਦਾਦਾਂ ਸਿਰਜਣ ਅਤੇ ਲੰਮੇ ਸਮੇਂ ਲਈ ਸਵੈ-ਨਿਰਭਰਤਾ ਹਾਸਲ ਕਰਨ ਦੇ ਅਥਾਹ ਮੌਕੇ ਪੈਦਾ ਕੀਤੇ ਹਨ। ਕੇਂਦਰ ਤੇ ਰਾਜ ਸਰਕਾਰ ਦੀਆਂ ਇਮਦਾਦ ਵਾਲੀਆਂ ਯੋਜਨਾਵਾਂ ਵੀ ਰੋਜ਼ਗਾਰ ਪੈਦਾ ਕਰਨ, ਰੋਜ਼ੀ-ਰੋਟੀ ਦੇ ਹੋਰ ਸਾਧਨ ਸਿਰਜਣ ਲਈ ਸਹਾਇਤਾ, ਪਿੰਡ ਦਾ ਬੁਨਿਆਦੀ ਢਾਂਚਾ ਉਸਾਰਨ, ਕੁਦਰਤੀ ਵਸੀਲਿਆਂ ਦੇ ਪ੍ਰਬੰਧ ਅਤੇ ਪੇਂਡੂ ਖੇਤਰਾਂ ਦੇ ਵਿਕਾਸ ਲਈ ਜ਼ਰੂਰੀ ਹੋਰ ਲੋੜਾਂ ਦੀ ਪੂਰਤੀ ਲਈ ਗ੍ਰਾਮ ਪੰਚਾਇਤਾਂ ਨੂੰ ਫ਼ੰਡ ਮੁਹੱਈਆ ਕਰਾਉਂਦੀਆਂ ਹਨ।

ਸੰਵਿਧਾਨਕ ਹੁਕਮ ਦੇ ਮੱਦੇਨਜ਼ਰ ਕੇਂਦਰੀ ਵਿੱਤ ਕਮਿਸ਼ਨ, ਰਾਜ ਵਿੱਤ ਕਮਿਸ਼ਨ, ਰਾਜ ਸਰਕਾਰ ਅਤੇ ਕੇਂਦਰ ਦੀ ਇਮਦਾਦ ਵਾਲੀਆਂ ਯੋਜਨਾਵਾਂ ਤਹਿਤ ਮਿਲਣ ਵਾਲੇ ਵਧੇ ਹੋਏ ਫ਼ੰਡਾਂ ਦੇ ਮੱਦੇਨਜ਼ਰ ਗ੍ਰਾਮ ਪੰਚਾਇਤਾਂ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸਥਾਨਕ ਵਸਨੀਕਾਂ ਦੀਆਂ ਮਹਿਸੂਸ ਕੀਤੀਆਂ ਗਈਆਂ ਜ਼ਰੂਰਤਾਂ ਅਤੇ ਤਰਜੀਹਾਂ ਦੀ ਸ਼ਨਾਖ਼ਤ ਕਰਨ, ਆਪਣੇ ਵਸੀਲਿਆਂ ਦੇ ਘੇਰੇ ਦੀ ਸੂਚੀ ਬਣਾਉਣ, ਲੋੜਾਂ ਉੱਤੇ ਆਧਾਰਤ ਪ੍ਰਾਜੈਕਟ ਤਿਆਰ ਕਰਨ, ਸਥਾਨਕ ਪੱਧਰ ਉੱਤੇ ਸਮਝਦਾਰੀ ਨਾਲ ਆਮ ਲੋਕਾਂ ਦੀ ਸ਼ਮੂਲੀਅਤ ਵਾਲੀ ਤੇਜ਼ ਯੋਜਨਾਬੰਦੀ ਉਲੀਕਣ। ਗ੍ਰਾਮ ਪੰਚਾਇਤ ਨੂੰ ਅਜਿਹੇ ਖੇਤਰਾਂ ਦੀ ਸ਼ਨਾਖ਼ਤ ਕਰਨ ਦੀ ਵੀ ਜ਼ਰੂਰਤ ਹੁੰਦੀ ਹੈ, ਜਿਨ੍ਹਾਂ ਬਾਰੇ ਗ੍ਰਾਮ ਪੰਚਾਇਤ ਨੇ ਲੰਮਾ ਸਮਾਂ ਨਿਭਣ ਵਾਲੀਆਂ ਯੋਜਨਾਵਾਂ ਉਲੀਕਣੀਆਂ ਹੁੰਦੀਆਂ ਹਨ; ਜਿਵੇਂ ਕਿ ਬੁਨਿਆਦੀ ਢਾਂਚਾ, ਮੰਡੀ ਦਾ ਵਿਕਾਸ, ਬੁਨਿਆਦੀ ਸਹੂਲਤਾਂ ਜਿਵੇਂ ਪੀਣ ਵਾਲਾ ਪਾਣੀ, ਪਿੰਡ ਪੱਧਰ ਉੱਤੇ ਸਵੱਛਤਾ ਤੇ ਸੜਕਾਂ ਉੱਤੇ ਰੌਸ਼ਨੀ ਦਾ ਇੰਤਜ਼ਾਮ, ਰੁੱਖ ਲਾਉਣਾ, ਗ਼ਰੀਬ ਤਬਕਿਆਂ ਅਤੇ ਸਦਾ ਖ਼ਤਰਿਆਂ ਦਾ ਸਾਹਮਣਾ ਕਰਨ ਵਾਲੇ ਕਮਜ਼ੋਰ ਸਮੂਹਾਂ ਨੂੰ ਰੋਜ਼ਗਾਰ ਦੇਣ ਜਾਂ ਲੱਭਣ ਵਿੱਚ ਸਹਾਇਤਾ ਕਰਨਾ।

## ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦੀ ਸਮੱਗਰੀ:

ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦੀਆਂ ਮੌਜੂਦਾ ਸੇਧਾਂ ਵਿੱਚ ਮੋਟੇ ਤੌਰ ’ਤੇ ਹੇਠ ਲਿਖੇ ਸ਼ਾਮਲ ਹੁੰਦੇ ਹਨ:

i. ਗ੍ਰਾਮ ਪੰਚਾਇਤ ਦੇ ਵਸੀਲਿਆਂ ਦੇ ਘੇਰੇ ਦੀ ਸ਼ਨਾਖ਼ਤ ਕਰਨਾ
ii. ਲੋਕਾਂ ਦੀ ਸ਼ਮੂਲੀਅਤ ਵਾਲੀ ਯੋਜਨਾਬੰਦੀ ਦਾ ਮਾਹੌਲ ਪੈਦਾ ਕਰਨਾ
iii. ਹਾਲਤ ਦਾ ਵਿਸ਼ਲੇਸ਼ਣ ਤੇ ਲੋਕਾਂ ਦੀ ਸ਼ਮੂਲੀਅਤ ਵਾਲੀ ਯੋਜਨਾਬੰਦੀ
iv. ਗ੍ਰਾਮ ਪੰਚਾਇਤ ਵੱਲੋਂ ਵਿਕਾਸ ਯੋਜਨਾ ਨੂੰ ਇਕ ਪ੍ਰਾਜੈਕਟ ਵਾਲਾ ਅਤੇ ਅੰਤਿਮ ਰੂਪ ਦੇਣਾ
v. ਤਕਨੀਕੀ ਤੇ ਪ੍ਰਸ਼ਾਸਕੀ ਮਨਜ਼ੂਰੀ
vi. ਯੋਜਨਾ ਤੋਂ ਬਾਅਦ ਦੇ ਪ੍ਰਬੰਧ
vii. ਲੋਕਾਂ ਦੀ ਸ਼ਮੂਲੀਅਤ ਵਾਲੀ ਯੋਜਨਾਬੰਦੀ ਲਈ ਪ੍ਰਬੰਧਕੀ ਸਹਿਯੋਗ ਅਤੇ ਸਮਰੱਥਾ ਉਸਾਰੀ

# ਅਧਿਆਇ 2

## ਗ੍ਰਾਮ ਪੰਚਾਇਤਾਂ ਲਈ ਵਸੀਲਿਆਂ ਦੇ ਘੇਰੇ ਦੀ ਸ਼ਨਾਖ਼ਤ ਕਰਨਾ

ਕਿਸੇ ਵੀ ਵਿਕਾਸ ਪ੍ਰੋਗਰਾਮ ਲਈ ਨਿਵੇਸ਼ ਤਰਜੀਹਾਂ ਬਾਰੇ ਕੋਈ ਫ਼ੈਸਲਾ ਲੈਣ ਵਿੱਚ ਵਸੀਲੇ ਅਹਿਮ ਭੂਮਿਕਾ ਨਿਭਾਉਂਦੇ ਹਨ। ਮੌਜੂਦ ਵਸੀਲਿਆਂ ਦੇ ਆਧਾਰ ਉੱਤੇ ਹੀ ਯੋਜਨਾਕਾਰਾਂ ਅਤੇ ਯੋਜਨਾ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਪੈਦਾਵਾਰ ਵਧਾਉਣ ਲਈ ਕਿਸੇ ਖ਼ਾਸ ਖੇਤਰ ਲਈ ਫ਼ੰਡ ਦਿੱਤੇ ਜਾਂਦੇ ਹਨ। ਵਸੀਲੇ ਬੁਨਿਆਦੀ ਤੌਰ ਉੱਤੇ ਦੋ ਕਿਸਮਾਂ ਦੇ - ਵਿੱਤੀ ਅਤੇ ਮਨੁੱਖੀ - ਹੁੰਦੇ ਹਨ। ਵਿਕਾਸ ਯੋਜਨਾ ਦੇ ਮਾਮਲੇ ਵਿੱਚ ਜਿੱਥੋਂ ਤੱਥ ਗ੍ਰਾਮ ਪੰਚਾਇਤ ਦਾ ਸਵਾਲ ਹੈ, ਗ੍ਰਾਮ ਪੰਚਾਇਤਾਂ ਨੇ ਆਪਣੀਆਂ ਵਿਕਾਸ ਤਰਜੀਹਾਂ ਸਾਕਾਰ ਕਰਨ ਲਈ ਆਪਣੇ ਵਸੀਲਿਆਂ ਦੇ ਘੇਰੇ ਦੀ ਸ਼ਨਾਖ਼ਤ ਕਰਨੀ ਹੁੰਦੀ ਹੈ। ਵਿੱਤੀ ਵਸੀਲਿਆਂ ਤੋਂ ਇਲਾਵਾ, ਗ੍ਰਾਮ ਪੰਚਾਇਤਾਂ ਨੇ ਆਪਣੇ ਕੋਲ ਉਪਲਬਧ ਮੌਜੂਦ ਅਜਿਹੇ ਮਨੁੱਖੀ ਵਸੀਲਿਆਂ ਦਾ ਇੱਕ ਖ਼ਾਕਾ ਵੀ ਤਿਆਰ ਕਰਨਾ ਹੁੰਦਾ ਹੈ, ਜਿਹੜੇ ਵਿਕਾਸ ਪਹਿਲਕਦਮੀਆਂ ਲਈ ਅਹਿਮ ਸਮਝੇ ਜਾਂਦੇ ਹਨ। ਗ੍ਰਾਮ ਪੰਚਾਇਤਾਂ ਕੋਲ ਮੋਟੇ ਤੌਰ ’ਤੇ ਮੌਜੂਦ ਵਸੀਲਿਆਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:-

### 2.1 ਵਿੱਤੀ ਵਸੀਲੇ:

ਸਭ ਤੋਂ ਪਹਿਲਾਂ, ਗ੍ਰਾਮ ਪੰਚਾਇਤ ਨੂੰ ਵੱਖੋ-ਵੱਖਰੇ ਸੰਭਾਵੀ ਵਸੀਲਿਆਂ ਤੋਂ ਹਾਸਲ ਵਸੀਲਿਆਂ ਦੀ ਸ਼ਨਾਖ਼ਤ ਕਰਨੀ ਹੁੰਦੀ ਹੈ। ਰਾਜ ਵਿੱਤ ਕਮਿਸ਼ਨ, ਕੇਂਦਰੀ ਵਿੱਤ ਕਮਿਸ਼ਨ ਅਤੇ ਕੇਂਦਰ ਦੀ ਇਮਦਾਦ ਵਾਲੀਆਂ ਯੋਜਨਾਵਾਂ ਤਹਿਤ ਇੱਕ ਸਾਲ ਵਿੱਚ ਯਕੀਨੀ ਤੌਰ ਉੱਤੇ ਇਕੱਠੇ ਹੋਣ ਵਾਲੇ ਫ਼ੰਡਾਂ ਨੂੰ ਧਿਆਨ ’ਚ ਰਖਦਿਆਂ ਗ੍ਰਾਮ ਪੰਚਾਇਤ ਆਪਣੇ ਵਸੀਲਿਆਂ ਦਾ ਘੇਰਾ ਤਿਆਰ ਕਰੇਗੀ; ਜਿਸ ਲਈ ਸਾਰੇ ਸੰਭਵ ਵਸੀਲਿਆਂ ਤੋਂ ਅਤੇ ਉਸ ਦੇ ਆਪਣੇ ਵਸੀਲਿਆਂ ਤੋਂ ਇੱਕ ਸਾਲ ਵਿੱਚ ਇਕੱਠੇ ਹੋਣ ਵਾਲੇ ਫ਼ੰਡਾਂ ਦਾ ਕੁੱਲ ਜੋੜ ਕੀਤਾ ਜਾਵੇਗਾ। ਇੱਕ ਗ੍ਰਾਮ ਪੰਚਾਇਤ ਦੇ ਵਿੱਤੀ ਵਸੀਲਿਆਂ ਦੇ ਘੇਰੇ ਵਿੱਚ ਮੋਟੇ ਤੌਰ ’ਤੇ ਫ਼ੰਡਾਂ ਦੇ ਹੇਠ ਲਿਖੇ ਵਸੀਲੇ ਸ਼ਾਮਲ ਹੋ ਸਕਦੇ ਹਨ:-

ੳ. ਗ੍ਰਾਮ ਪੰਚਾਇਤ ਨੂੰ 14ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ
ਅ. ਗ੍ਰਾਮ ਪੰਚਾਇਤ ਨੂੰ ਰਾਜ ਵਿੱਤ ਕਮਿਸ਼ਨ ਦੀ ਗ੍ਰਾਂਟ
ੲ. ‘ਮਗਨਰੇਗਾ’ ਯੋਜਨਾ ਦੇ ਫ਼ੰਡ ’ਚੋਂ ਗ੍ਰਾਮ ਪੰਚਾਇਤ ਦਾ ਹਿੱਸਾ
ਸ. ਗ੍ਰਾਮ ਪੰਚਾਇਤ ਦੇ ਆਪਣੇ ਵਸੀਲੇ
ਹ. ਗ੍ਰਾਮ ਪੰਚਾਇਤ ਨੂੰ ਉਪਲਬਧ ਹੋਰ ਆਜ਼ਾਦ ਗ੍ਰਾਂਟਾਂ
ਕ. ਲਾਭਪਾਤਰੀ ਯੋਗਦਾਨ, ਜੇ ਕੋਈ ਹੋਵੇ
ਖ. ਕੇਂਦਰ ਦੀ ਇਮਦਾਦ ਵਾਲੀਆਂ ਯੋਜਨਾਵਾਂ (ਸੀ.ਐਸ.ਐਸ.) ਅਤੇ ਸੂਬੇ ਵੱਲੋਂ ਇਮਦਾਦ ਵਾਲੀਆਂ ਯੋਜਨਾਵਾਂ (ਐਸ.ਐਸ.ਐਸ.) ਤਹਿਤ ਗ੍ਰਾਮ ਪੰਚਾਇਤ ਨੂੰ ਮਿਲਣ ਵਾਲੇ ਹੋਰ ਵਸੀਲੇ।

ਗ੍ਰਾਮ ਪੰਚਾਇਤ ਨੂੰ ਆਪਣੇ ਕੋਲ ਮੌਜੂਦ ਵਸੀਲਿਆਂ ਦੀ ਸੂਚੀ ਬਹੁਤ ਧਿਆਨ ਨਾਲ ਬਣਾਉਣੀ ਹੋਵੇਗੀ। ਗ੍ਰਾਮ ਪੰਚਾਇਤ ਦੇ ਚੁਣੇ ਹੋਏ ਨੁਮਾਇੰਦੇ ਤੇ ਅਹੁਦੇਦਾਰ ਸਬੰਧਤ ਵਿਭਾਗਾਂ ਨਾਲ ਵੱਡੇ ਪੱਧਰ ’ਤੇ ਸਲਾਹ-ਮਸ਼ਵਰੇ ਤੋਂ ਬਾਅਦ ਹੀ ਹੇਠ ਲਿਖੇ ਸਿਰਲੇਖਾਂ ਤਹਿਤ ਵਸੀਲਿਆਂ ਦਾ ਵਰਗੀਕਰਨ ਕਰਨਗੇ:-

i. ਪੂਰੀ ਤਰ੍ਹਾਂ ਬੱਝਵੀਆਂ ਯੋਜਨਾਵਾਂ, ਜਿਵੇਂ ਕਿ ਇੰਦਰਾ ਆਵਾਸ ਯੋਜਨਾ ਦੇ ਵਸੀਲੇ, ਜਿਨ੍ਹਾਂ ਨੂੰ ਗ੍ਰਾਮ ਪੰਚਾਇਤ ਆਪਣੇ ਅਖ਼ਤਿਆਰ ਨਾਲ ਹੋਰ ਕਿਸੇ ਮੰਤਵ ਲਈ ਖ਼ਰਚ ਨਹੀਂ ਕਰ ਸਕਦੀ।
ii. ਕੁਝ ਹੱਦ ਤੱਕ ਬੱਝਵੀਆਂ ਯੋਜਨਾਵਾਂ ਦੇ ਵਸੀਲੇ, ਜਿਨ੍ਹਾਂ ਵਿੱਚ ਗ੍ਰਾਮ ਪੰਚਾਇਤ ਨੂੰ ਕੁੱਝ ਹੱਦ ਤੱਕ ਕਿਸੇ ਖ਼ਾਸ ਸਰਗਰਮੀ ਵਿੱਚ ਕੋਈ ਧਨ ਲਾਉਣ ਦਾ ਫ਼ੈਸਲਾ ਲੈਣ ਦੀ ਇਜਾਜ਼ਤ ਹੁੰਦੀ ਹੈ। ਮਗਨਰੇਗਾ ਯੋਜਨਾ, ਰਾਜ ਵਿੱਤ ਕਮਿਸ਼ਨ ਗ੍ਰਾਂਟ ਤਹਿਤ ਗ੍ਰਾਮ ਪੰਚਾਇਤ ਕੋਲ ਉਪਲਬਧ ਵਸੀਲੇ ਇਸ ਵਰਗ ਤਹਿਤ ਆ ਸਕਦੇ ਹਨ।
iii. ਉਹ ਵਸੀਲੇ ਜੋ ਪੂਰੀ ਤਰ੍ਹਾਂ/ਵੱਡੇ ਪੱਧਰ ਉੱਤੇ ਖੁੱਲ੍ਹੇ ਹੁੰਦੇ ਹਨ - ਜਿਵੇਂ ਕੇਂਦਰੀ ਵਿੱਤ ਕਮਿਸ਼ਨ, ਰਾਜ ਵਿੱਤ ਕਮਿਸ਼ਨ ਤੇ ਐਮ.ਐਲ.ਏ./ਐਮ.ਪੀ. ਸਥਾਨਕ ਖੇਤਰ ਵਿਕਾਸ ਯੋਜਨਾ/ਐਸ.ਪੀ.ਐਫ਼. ਗ੍ਰਾਂਟਾਂ।
iv. ਗ੍ਰਾਮ ਪੰਚਾਇਤ ਦੀ ਆਮਦਨ ਦੇ ਆਪਣੇ ਵਸੀਲੇ ਅਤੇ ਹੋਰ ਵਸੀਲੇ, ਜਿਹੜੇ ਸਥਾਨਕ ਪੱਧਰ ਉੱਤੇ ਨਕਦ, ਜਿਣਸ ਤੇ ਕਿਰਤ ਰੂਪ ਵਿੱਚ ਇਕੱਠੇ ਹੋ ਸਕਦੇ ਹਨ।

**ਸੂਚੀ-1: ਗ੍ਰਾਮ ਪੰਚਾਇਤ ਪੱਧਰ ਉੱਤੇ ਵਸੀਲਿਆਂ ਦੇ ਘੇਰੇ ਲਈ ਫ਼ਾਰਮ**

| ਲੜੀ ਨੰ. | ਗ੍ਰਾਮ ਪੰਚਾਇਤ ਕੋਲ ਮੌਜੂਦ ਵਸੀਲੇ | ਰਕਮ (ਰੁਪਏ ਵਿੱਚ) | ਫ਼ੰਡ ਦੀ ਕਿਸਮ (ਬੱਝਵੀਂ/ਖੁੱਲ੍ਹੀ/ ਕੁਝ ਹੱਦ ਤੱਕ ਬੱਝਵੀਂ, ਸਭ ਦਾ ਜ਼ਿਕਰ ਕੀਤਾ ਜਾਵੇ) | ਕੁੱਲ ਰਕਮ | ਉਹ ਮੁੱਖ ਖੇਤਰ ਜਿਨ੍ਹਾਂ ਲਈ ਫ਼ੰਡ ਵਰਤੇ ਜਾ ਸਕਦੇ ਹਨ |
|---|---|---|---|---|---|
| 1 | 14ਵਾਂ ਕੇਂਦਰੀ ਵਿੱਤ ਕਮਿਸ਼ਨ | | | | |
| 2 | ਚੌਥਾ ਸੂਬਾਈ ਵਿੱਤ ਕਮਿਸ਼ਨ | | | | |
| 3 | ਆਮਦਨ ਦੇ ਆਪਣੇ ਵਸੀਲੇ | | | | |
| 4 | ਮਗਨਰੇਗਾ ਯੋਜਨਾ | | | | |
| 5 | ਕੇਂਦਰੀ ਪ੍ਰਯੋਜਿਤ ਸਕੀਮ/ ਰਾਜ ਪ੍ਰਯੋਜਿਤ ਸਕੀਮ ਤਹਿਤ ਹੋਰ ਵਸੀਲੇ | | | | |
| 6 | ਲਾਭਪਾਤਰੀ ਯੋਗਦਾਨ | | | | |
| 7 | ਦਾਨ | | | | |

ਗ੍ਰਾਮ ਪੰਚਾਇਤ ਵੱਲੋਂ ਆਪਣੇ ਵਸੀਲਿਆਂ ਦੇ ਘੇਰੇ ਦੀ ਪਛਾਣ ਦਾ ਮਕਸਦ ਇਹ ਤੈਅ ਕਰਨਾ ਹੁੰਦਾ ਹੈ ਕਿ ਮੌਜੂਦ ਵਸੀਲਿਆਂ ਰਾਹੀਂ ਇਕੱਠੇ ਹੋਣ ਵਾਲੇ ਧਨ ਨੂੰ ਗ੍ਰਾਮ ਪੰਚਾਇਤ ਪੱਧਰ ਉੱਤੇ ਸਥਾਨਕ ਲੋਕਾਂ ਦੀਆਂ ਲੋੜਾਂ ਦੀ ਦਰਜਾਬੰਦੀ ਮੁਤਾਬਕ ਕਿਸ ਤਰਜੀਹ ਨਾਲ ਖ਼ਰਚਿਆ ਜਾਵੇ। ਐਨ.ਆਰ.ਐਲ.ਐਮ. ਅਤੇ ਸਵੱਛ ਭਾਰਤ ਮਿਸ਼ਨ ਤਹਿਤ ਆਉਣ ਵਾਲੀਆਂ ਗਤੀਵਿਧੀਆਂ ਤੇ ਮਨੁੱਖੀ ਵਸੀਲਾ ਸਹਿਯੋਗ ਵੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਵਿੱਚ ਜੋੜਿਆ ਜਾਵੇਗਾ।

## 2. 2 ਗ੍ਰਾਮ ਪੰਚਾਇਤ ਪੱਧਰ ਉੱਤੇ ਹੋਣ ਵਾਲੇ ਕਾਰਜ ਅਤੇ ਮਨੁੱਖੀ ਵਸੀਲੇ:-

ਸੰਵਿਧਾਨ ਦੀ 73ਵੀਂ ਸੋਧ ਤੋਂ ਬਾਅਦ ਸਰਕਾਰ ਨੂੰ ਕਾਨੂੰਨੀ ਤੌਰ ਉੱਤੇ ਪੰਚਾਇਤੀ ਰਾਜ ਅਦਾਰਿਆਂ ਨੂੰ ਅਜਿਹੀਆਂ ਸ਼ਕਤੀਆਂ ਤੇ ਅਖ਼ਤਿਆਰ ਦੇਣੇ ਪੈਂਦੇ ਹਨ ਜੋ ਉਨ੍ਹਾਂ ਨੂੰ ਸਵੈ-ਸਰਕਾਰ ਦੀ ਇੱਕ ਸੰਸਥਾ ਵਜੋਂ ਕੰਮ ਕਰਨ ਦੇ ਯੋਗ ਬਣਾਉਣ ਲਈ ਜ਼ਰੂਰੀ ਹੋਣ; ਪੰਜਾਬ ਸਰਕਾਰ ਨੇ ਕਾਰਜਕਾਰੀ-ਹਦਾਇਤਾਂ ਰਾਹੀਂ ਪੰਚਾਇਤੀ ਰਾਜ ਅਦਾਰਿਆਂ ਨੂੰ 7 ਵਿਭਾਗਾਂ ਦੇ 13 ਵਿਸ਼ੇ ਸੌਂਪੇ ਹਨ।

ਗ੍ਰਾਮ ਪੰਚਾਇਤ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਤੇ ਅਖ਼ਤਿਆਰ ਹੇਠ ਲਿਖੇ ਮੁਤਾਬਕ ਹਨ:-

ੳ. 7 ਸਬੰਧਤ ਵਿਭਾਗਾਂ ਦੇ ਪਿੰਡ-ਪੱਧਰੀ ਕਰਮਚਾਰੀ ਤੇ ਅਧਿਕਾਰੀ ਪੰਚਾਇਤੀ ਰਾਜ ਅਦਾਰਿਆਂ ਨੂੰ ਸੌਂਪੇ ਗਏ ਵਿਸ਼ੇ, ਯੋਜਨਾਵਾਂ ਲਾਗੂ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਜਵਾਬਦੇਹ ਰਹਿਣਗੇ; ਭਾਵੇਂ ਉਹ ਆਪਣੇ ਸਬੰਧਤ ਵਿਭਾਗਾਂ ਦੇ ਕਰਮਚਾਰੀਆਂ ਵਜੋਂ ਵੀ ਕੰਮ ਕਰਦੇ ਰਹਿਣਗੇ।

ਅ. ਵੱਖ-ਵੱਖ ਵਿਭਾਗਾਂ ਦੇ ਗ੍ਰਾਮ ਪੰਚਾਇਤ ਪੱਧਰ 'ਤੇ ਕੰਮ ਕਰਨ ਵਾਲੇ ਕਰਮਚਾਰੀ ਤੇ ਅਧਿਕਾਰੀ ਗ੍ਰਾਮ ਪੰਚਾਇਤ ਦੀਆਂ ਮੀਟਿੰਗਾਂ ਵਿੱਚ ਨਿਯਮਿਤ ਰੂਪ ਵਿੱਚ ਹੋਣਗੇ।

ੲ. ਸਬੰਧਤ (ਲਾਈਨ) ਵਿਭਾਗ; ਗ੍ਰਾਮ ਪੰਚਾਇਤ ਦੀਆਂ ਮੀਟਿੰਗਾਂ ਵਿੱਚ ਆਪਣੀਆਂ ਯੋਜਨਾਵਾਂ ਦੀ ਕਾਰਜ-ਯੋਜਨਾ ਪੇਸ਼ ਕਰਨਗੇ, ਤਾਂ ਕਿ ਉਨ੍ਹਾਂ ਉੱਤੇ ਵਿਚਾਰ-ਵਟਾਂਦਰਾ ਕਰ ਕੇ ਉਨ੍ਹਾਂ ਨੂੰ ਮਨਜ਼ੂਰੀ ਦਿੱਤੀ ਜਾ ਸਕੇ।

ਸ. ਗ੍ਰਾਮ ਪੰਚਾਇਤ ਪੱਧਰ ਉੱਤੇ ਕੰਮ ਕਰਨ ਵਾਲੇ ਸਬੰਧਤ (ਲਾਈਨ) ਵਿਭਾਗਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਤੇ ਕਾਰਕੁੰਨਾਂ/ਅਧਿਕਾਰੀਆਂ ਉੱਤੇ ਸਰਪੰਚ ਨਿਗਰਾਨੀ ਰੱਖ ਸਕਦਾ ਹੈ।

ਹ. ਗ੍ਰਾਮ ਪੰਚਾਇਤ ਨੂੰ ਜੇ ਸਬੰਧਤ 'ਲਾਈਨ' ਵਿਭਾਗ ਵੱਲੋਂ ਆਪਣੇ ਅਧਿਕਾਰ ਖੇਤਰ 'ਚ ਲਾਗੂ ਕੀਤਾ ਗਿਆ ਕੋਈ ਖ਼ਾਸ ਪ੍ਰੋਗਰਾਮ ਲਾਗੂ ਕਰਨ ਵਿੱਚ ਔਕੜਾਂ ਪੇਸ਼ ਆਉਂਦੀਆਂ ਹਨ, ਤਾਂ ਉਹ ਵਾਜਬ ਪੱਧਰ ਉੱਤੇ ਆਪਣੀ ਰਿਪੋਰਟ ਜਮ੍ਹਾਂ ਕਰਵਾ ਸਕਦੀ ਹੈ।

ਕ. ਗ੍ਰਾਮ ਪੰਚਾਇਤ ਆਪਣੇ ਪੱਧਰ ਉੱਤੇ ਕੋਈ ਪ੍ਰਾਜੈਕਟ ਲਾਗੂ ਕਰਨ ਵਾਸਤੇ ਲੋੜੀਂਦੀ ਕਿਸੇ ਵੀ ਤਰ੍ਹਾਂ ਦੀ ਮੱਦਦ 'ਲਾਈਨ' ਵਿਭਾਗ ਦੇ ਅਧਿਕਾਰੀਆਂ ਤੋਂ ਲੈ ਸਕਦੀ ਹੈ।

**ਪੰਜਾਬ ਸਰਕਾਰ ਨੇ ਹੇਠ ਲਿਖੇ ਸਰਗਰਮੀਆਂ ਪੰਚਾਇਤੀ ਰਾਜ ਅਦਾਰਿਆਂ ਹਵਾਲੇ ਕੀਤੀਆਂ ਹਨ:-**

| ਲੜੀ ਨੰ. | ਵਿਭਾਗ ਦਾ ਨਾਮ | ਮੰਤਰੀ ਮੰਡਲ ਵੱਲੋਂ ਲਿਆ ਫ਼ੈਸਲਾ | ਨੋਟੀਫ਼ਿਕੇਸ਼ਨ ਤੇ ਹਦਾਇਤਾਂ ਦਾ ਨੰਬਰ ਤੇ ਮਿਤੀ | ਭਾਰਤੀ ਸੰਵਿਧਾਨ ਦੀ ਸੂਚੀ 11 ਦੇ ਜਿਸ ਲੜੀ ਨੰਬਰ ਤਹਿਤ ਵਿਸ਼ਾ ਸਪੁਰਦ ਕੀਤਾ ਗਿਆ |
|---|---|---|---|---|
| 1 | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ | 16-10-2003 | 11/133/2001-6SS/159, ਮਿਤੀ 9-1-2004<br>11/138/2001-6SS/2252 ਮਿਤੀ 09-07-2014 | 25 ਮਹਿਲਾ ਤੇ ਬਾਲ ਵਿਕਾਸ<br>26. ਵਿਸ਼ੇਸ਼ ਜ਼ਰੂਰਤਾਂ ਜਾਂ ਅਟਕਾਅ ਵਾਲੇ ਬੱਚਿਆਂ ਦੀ ਭਲਾਈ ਸਮੇਤ ਸਮਾਜਿਕ ਭਲਾਈ। |
| 2 | ਅਨੁਸੂਚਿਤ ਜਾਤਾਂ ਤੇ ਪਛੜੇ ਵਰਗਾਂ ਦੀ ਭਲਾਈ | 16-10-2003 | 9/15-2002-WC-6/50, ਮਿਤੀ 14/1/2004 | 27. ਕਮਜ਼ੋਰ ਵਰਗਾਂ ਦੀ ਭਲਾਈ ਅਤੇ ਖ਼ਾਸ ਕਰ ਅਨੁਸੂਚਿਤ ਜਾਤਾਂ ਤੇ ਅਨੁਸੂਚਿਤ ਕਬੀਲੇ। |
| 3 | ਜਨ ਸਿਹਤ | 16-10-2003 | 13/49/2003-5B&R-II/149, ਮਿਤੀ 13-1-2004 | 11. ਪੀਣ ਵਾਲਾ ਪਾਣੀ |
| 4 | ਪੇਂਡੂ ਵਿਕਾਸ ਤੇ ਪੰਚਾਇਤਾਂ | 16-10-2003 | 6/20/94/G-1/2003/37013-37223, ਮਿਤੀ 12-11-2003 | 10. ਪੇਂਡੂ ਮਕਾਨ ਉਸਾਰੀ<br>20. ਲਾਇਬਰੇਰੀਆਂ<br>21. ਸਭਿਆਚਾਰਕ ਸਰਗਰਮੀਆਂ.<br>22. ਮੰਡੀਆਂ ਅਤੇ ਮੇਲੇ<br>29. ਸਾਂਝੀਆਂ ਜਾਇਦਾਦਾਂ ਦੀ ਸਾਂਭ ਸੰਭਾਲ |
| 5 | ਸਿਹਤ ਅਤੇ ਪਰਿਵਾਰ ਭਲਾਈ | 16-10-2003 | 21/41/02-05/HB7/27101 ਮਿਤੀ 07/11-11-2013 | 23. ਸਿਹਤ ਤੇ ਸਵੱਛਤਾ, ਹਸਪਤਾਲਾਂ, ਮੁੱਢਲੇ ਸਿਹਤ ਕੇਂਦਰਾਂ ਤੇ ਡਿਸਪੈਂਸਰੀਆਂ ਸਮੇਤ<br>1186 ਸਹਾਇਕ ਸਿਹਤ ਕੇਂਦਰ ਪੰਚਾਇਤੀ ਰਾਜ ਅਦਾਰਿਆਂ ਹਵਾਲੇ ਕੀਤੇ ਗਏ<br>24. ਪਰਿਵਾਰ ਭਲਾਈ |
| 6 | ਸਕੂਲ ਸਿੱਖਿਆ | 19-09-2014 | ਨੋਟੀਫ਼ਿਕੇਸ਼ਨ ਨੰਬਰ 2/305/2014/E.T.T.5/9460 ਮਿਤੀ 19-09-2014 | ਜ਼ਿਲ੍ਹਾ ਅਤੇ ਬਲਾਕ ਪੱਧਰ ਉੱਤੇ ਨਿਗਰਾਨੀ ਤੇ ਦੇਖਰੇਖ ਦਾ ਅਖ਼ਤਿਆਰ ਪੰਚਾਇਤੀ ਰਾਜ ਅਦਾਰਿਆਂ ਕੋਲ ਹੈ। |
| 7 | ਪਸ਼ੂ ਪਾਲਣ | 19-09-2014 | ਨੋਟੀਫ਼ਿਕੇਸ਼ਨ ਨੰਬਰ 2/305/2014/E.T.T.5/9462 ਮਿਤੀ 19-09-2014 | ਜ਼ਿਲ੍ਹਾ ਅਤੇ ਬਲਾਕ ਪੱਧਰ ਉੱਤੇ ਨਿਗਰਾਨੀ ਤੇ ਦੇਖਰੇਖ ਦਾ ਅਖ਼ਤਿਆਰ ਪੰਚਾਇਤੀ ਰਾਜ ਅਦਾਰਿਆਂ ਕੋਲ ਹੈ। |

## 2. 2. 1 ਪੰਚਾਇਤੀ ਰਾਜ ਐਕਟ (1994) ਮੁਤਾਬਕ ਗ੍ਰਾਮ ਪੰਚਾਇਤ ਲਈ ਅਧਿਕਾਰ ਖੇਤਰ:-

ਪੰਜਾਬ ਪੰਚਾਇਤੀ ਰਾਜ ਐਕਟ, 1994 ਦੀਆਂ ਧਾਰਾਵਾਂ 30 ਤੋਂ 43 ਤੱਕ ਮੁਤਾਬਕ ਗ੍ਰਾਮ ਪੰਚਾਇਤ ਨੂੰ ਕੁੱਝ ਪੱਕੇ ਕਾਰਜ ਦਿੱਤੇ ਗਏ ਹਨ, ਜੋ ਕਿ ਜ਼ਰੂਰੀ ਅਤੇ ਅਖ਼ਤਿਆਰੀ ਕਿਸਮ ਦੇ ਹਨ। ਹਰੇਕ ਗ੍ਰਾਮ ਪੰਚਾਇਤ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਸੀਮਤ ਵਸੀਲਿਆਂ 'ਚ ਉਪਰੋਕਤ ਧਾਰਾਵਾਂ ਤਹਿਤ ਦੱਸੇ ਗਏ ਮਾਮਲਿਆਂ ਦੀ ਜ਼ਿੰਮੇਵਾਰੀ ਲਵੇ, ਉਨ੍ਹਾਂ ਉੱਤੇ ਕਾਬੂ ਰੱਖੇ ਅਤੇ ਇੰਤਜ਼ਾਮ ਕਰੇ। ਗ੍ਰਾਮ ਪੰਚਾਇਤਾਂ ਦੇ ਕੁੱਝ ਪੱਕੇ ਕਾਰਜ ਅਜਿਹੇ ਵੀ ਹਨ, ਜੋ ਅਖ਼ਤਿਆਰੀ ਕਿਸਮ ਦੇ ਹਨ, ਜਿਨ੍ਹਾਂ ਨੂੰ ਅੰਦਰੂਨੀ ਵਸੀਲੇ ਹੋਣ ਦੀ ਸੂਰਤ ਵਿੱਚ ਹੀ ਕਰਨਾ ਜ਼ਰੂਰੀ ਹੈ।

## 2. 2. 2 ਗ੍ਰਾਮ ਪੰਚਾਇਤ ਲਈ ਮੁਹੱਈਆ ਕਰਮਚਾਰੀ/ਅਧਿਕਾਰੀ:-

ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਵੱਲੋਂ ਹੇਠ ਲਿਖੇ ਪ੍ਰਮੁੱਖ ਕਰਮਚਾਰੀ/ਅਧਿਕਾਰੀ ਗ੍ਰਾਮ ਪੰਚਾਇਤ ਦੇ ਪ੍ਰਬੰਧਕੀ ਕੰਟਰੋਲ ਤਹਿਤ ਰੱਖੇ ਗਏ ਹਨ:-

**ਸੂਚੀ-2: ਗ੍ਰਾਮ ਪੰਚਾਇਤ ਲਈ ਉਪਲਬਧ ਪ੍ਰਮੁੱਖ ਕਰਮਚਾਰੀ/ਅਧਿਕਾਰੀ**

| ਲੜੀ ਨੰ. | ਅਹੁਦਾ | ਕੰਮ ਦਾ ਖੇਤਰ | ਨੋਡਲ ਵਿਭਾਗ |
|---|---|---|---|
| 1 | ਪੰਚਾਇਤ ਸਕੱਤਰ | ਗ੍ਰਾਮ ਪੰਚਾਇਤ ਪ੍ਰਸ਼ਾਸਨ ਦਾ ਸਮੁੱਚਾ ਤਾਲਮੇਲ | ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ |
| 2 | ਗ੍ਰਾਮ ਰੋਜ਼ਗਾਰ ਸਹਾਇਕ | 'ਮਗਨਰੇਗਾ' ਨੂੰ ਲਾਗੂ ਕਰਨਾ | ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ |
| 3 | ਜੂਨੀਅਰ ਇੰਜੀਨੀਅਰ / ਤਕਨੀਕ ਸਹਾਇਕ | ਵਿਕਾਸ ਕਾਰਜ ਲਾਗੂ ਕਰਨਾ | ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ |
| 4 | ਸਮਾਜਿਕ ਸਿੱਖਿਆ ਤੇ ਪੰਚਾਇਤ ਅਫਸਰ | ਨਿਗਰਾਨੀ ਤੇ ਦੇਖਰੇਖ | ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ |

ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਸਬੰਧਿਤ ਵਿਭਾਗਾਂ ਦੇ ਕਾਰਜ ਤਬਦੀਲ ਕੀਤੇ ਹਨ ਅਤੇ ਫ਼ੈਸਲਾ ਕੀਤਾ ਗਿਆ ਹੈ ਕਿ ਗ੍ਰਾਮ ਪੰਚਾਇਤ ਪੱਧਰ ਉੱਤੇ ਕੰਮ ਕਰਨ ਵਾਲੇ ਸਬੰਧਤ ਖੇਤਰ ਪੱਧਰ ਦੇ ਕਰਮਚਾਰੀ/ਅਧਿਕਾਰੀ ਹੇਠ ਲਿਖੇ ਖੇਤਰਾਂ ਵਿੱਚ ਗ੍ਰਾਮ ਪੰਚਾਇਤ ਦੀ ਮੱਦਦ ਕਰਨਗੇ।

ਹੋਰ ਲਾਈਨ ਵਿਭਾਗਾਂ ਲਈ ਗ੍ਰਾਮ ਪੰਚਾਇਤ ਪੱਧਰ ਉੱਤੇ ਮੌਜੂਦ ਕਰਮਚਾਰੀਆਂ/ਅਧਿਕਾਰੀਆਂ ਦੇ ਵੇਰਵੇ ਹੇਠ ਲਿਖੇ ਮੁਤਾਬਕ ਹਨ:-

**ਸੂਚੀ-3: ਗ੍ਰਾਮ ਪੰਚਾਇਤ ਲਈ ਹੋਰ ਲਾਈਨ ਵਿਭਾਗਾਂ ਦੇ ਉਪਲਬਧ ਕਰਮਚਾਰੀ/ਅਧਿਕਾਰੀ**

| ਲੜੀ ਨੰ. | ਵਿਭਾਗ | ਅਹੁਦਾ |
|---|---|---|
| 1 | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ | ਆਂਗਨਵਾੜੀ ਵਰਕਰਜ਼ |
| 2 | ਅਨੁਸੂਚਿਤ ਜਾਤੀ ਤੇ ਪਛੜੇ ਵਰਗਾਂ ਦੀ ਭਲਾਈ | ਆਂਗਨਵਾੜੀ ਵਰਕਰਜ਼ |
| 3 | ਜਨ ਸਿਹਤ | ਸੈਨੀਟਰੀ ਵਰਕਰ |
| 4 | ਪੇਂਡੂ ਵਿਕਾਸ ਅਤੇ ਪੰਚਾਇਤਾਂ | ਪੰਚਾਇਤ ਸਕੱਤਰ |
| 5 | ਸਿਹਤ ਤੇ ਪਰਿਵਾਰ ਭਲਾਈ | ਆਸ਼ਾ/ਏ.ਐਨ.ਐਮ. |
| 6 | ਸਕੂਲ ਸਿੱਖਿਆ | ਪ੍ਰਾਇਮਰੀ ਅਧਿਆਪਕ |
| 7 | ਪਸ਼ੂ ਪਾਲਣ | ਵੈਟਰਨਰੀ ਫ਼ਾਰਮਾਸਿਸਟ ਆਦਿ |

ਇਸ ਤੋਂ ਇਲਾਵਾ, ਹੋਰ ਗੈਰਰਸਮੀ ਸਮੂਹਾਂ ਜਿਵੇਂ ਸਵੈ ਸਹਾਇਤਾ ਸਮੂਹ, ਗ਼ੈਰ-ਸਰਕਾਰੀ ਜੱਥੇਬੰਦੀਆਂ, ਯੂਥ ਕਲੱਬ, ਨਹਿਰੂ ਯੁਵਾ ਕੇਂਦਰ ਦੇ ਮੈਂਬਰ ਆਦਿ ਜਿਹੇ ਹੋਰ ਗ਼ੈਰ-ਰਸਮੀ ਸਮੂਹਾਂ ਦੇ ਮੈਂਬਰ ਵੀ ਗ੍ਰਾਮ ਪੰਚਾਇਤ ਖੇਤਰ ਵਿੱਚ ਹੇਠਲੇ ਪੱਧਰ ਉੱਤੇ ਕੰਮ ਕਰ ਰਹੇ ਹਨ।

# ਅਧਿਆਇ – 3

## ਲੋਕ-ਸ਼ਮੂਲੀਅਤ ਯੋਜਨਾਬੰਦੀ ਲਈ ਮਾਹੌਲ ਸਿਰਜਣਾ

### 3.1 ਸੂਬਾ ਪੱਧਰੀ ਮਾਹੌਲ ਉਸਾਰੀ

#### ਸੂਬਾ ਪੱਧਰੀ ਜਨ ਮੀਡੀਆ ਮੁਹਿੰਮ:

ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਅਮਲ ਨੂੰ ਇੱਕ ਸਥਾਨਕ ਨਾਮ ***"ਸਾਡੀ ਯੋਜਨਾ ਸਾਡਾ ਵਿਕਾਸ"*** ਦਿੱਤਾ ਗਿਆ ਹੈ। ਸਮੁੱਚੇ ਸੂਬੇ ਵਿੱਚ ਗ੍ਰਾਮ ਪੰਚਾਇਤ ਪੱਧਰ ਉੱਤੇ ਲੋਕਾਂ ਦੀ ਸ਼ਮੂਲੀਅਤ ਵਾਲੀ ਯੋਜਨਾਬੰਦੀ ਲਈ ਸੁਖਾਵਾਂ ਮਾਹੌਲ ਪੈਦਾ ਕਰਨ ਵਿੱਚ ਪੰਜਾਬ ਦਾ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਪ੍ਰਮੁੱਖ ਭੂਮਿਕਾ ਨਿਭਾਏਗਾ।

ਸੂਬੇ ਭਰ ਵਿੱਚ, ਪਿੰਡ ਪੱਧਰ ਉੱਤੇ ਯੋਜਨਾਬੰਦੀ ਦੇ ਅਮਲ ਵਿੱਚ ਲੋਕਾਂ ਨੂੰ ਸ਼ਮੂਲੀਅਤ ਲਈ ਅਪੀਲ ਕਰਨ ਵਾਸਤੇ ਅਖ਼ਬਾਰਾਂ ਲਈ ਇਸ਼ਤਿਹਾਰ ਤਿਆਰ ਕੀਤੇ ਜਾਣਗੇ।

#### ਲੋਕਾਂ ਦੀ ਸ਼ਮੂਲੀਅਤ ਵਾਲੀ ਯੋਜਨਾਬੰਦੀ ਲਈ ਖ਼ਾਸ ਖ਼ਬਰਨਾਮੇ (ਨਿਊਜ਼ਲੈਟਰ):

ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਇੱਕ ਮਾਸਿਕ ਰਸਾਲਾ **"ਸਾਡੇ ਪਿੰਡ"** ਪ੍ਰਕਾਸ਼ਿਤ ਕਰਦਾ ਹੈ ਜੋ ਪੰਚਾਇਤੀ ਰਾਜ ਅਦਾਰਿਆਂ ਵਿੱਚ ਵੰਡਿਆ ਜਾ ਰਿਹਾ ਹੈ। ਇਹ ਗ੍ਰਾਮ ਸਭਾ ਵਿੱਚ ਲੋਕ-ਸ਼ਮੂਲੀਅਤਕਾਰੀ ਯੋਜਨਾਬੰਦੀ ਦੇ ਅਮਲ ਅਤੇ ਭਾਈਚਾਰੇ ਦੀ ਅਰਥਪੂਰਨ ਸ਼ਮੂਲੀਅਤ ਦੇ ਤੱਤ-ਸਾਰ ਨੂੰ ਪੇਸ਼ ਕਰੇਗਾ। ਇਸ ਤੋਂ ਇਲਾਵਾ ਲੋਕ-ਸ਼ਮੂਲੀਅਤਕਾਰੀ ਯੋਜਨਾਬੰਦੀ ਦੀ ਕਾਰਵਾਈ ਦੇ ਮੁੱਖ ਮਕਸਦਾਂ ਬਾਰੇ ਦੱਸਣ ਵਾਲੀ ਇੱਕ ਚੁਵਰਕੀ (ਲੀਫ਼ਲੈਟ) ਵੀ ਆਮ ਜਨਤਾ ਵਿੱਚ ਵੱਡੇ ਪੱਧਰ 'ਤੇ ਪਹੁੰਚਾਏ ਜਾਣ ਲਈ ਤਿਆਰ ਕੀਤੀ ਜਾਣੀ ਹੈ।

### 3. 2 ਸਥਾਨਕ ਪੱਧਰ ਉੱਤੇ ਮਾਹੌਲ ਉਸਾਰੀ

ਡਿਪਟੀ ਕਮਿਸ਼ਨਰ ਦੀਆਂ ਸੇਧਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਥਾਨਕ ਪੱਧਰ ਉੱਤੇ ਲੋਕ-ਸ਼ਮੂਲੀਅਤ ਵਾਲੀ ਯੋਜਨਾਬੰਦੀ ਨਾਲ ਸਬੰਧਤ ਮਾਹੌਲ ਉਸਾਰੀ ਲਈ ਪ੍ਰਮੁੱਖ ਭੂਮਿਕਾ ਨਿਭਾਏਗਾ। ਸਥਾਨਕ ਪੱਧਰ ਉੱਤੇ ਮਾਹੌਲ ਉਸਾਰੀ ਲਈ ਹੇਠ ਲਿਖੇ ਢੰਗ-ਤਰੀਕੇ ਅਪਣਾਏ ਜਾਣਗੇ:-

i. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਗ੍ਰਾਮ ਪੰਚਾਇਤ ਅਤੇ ਪਿੰਡ ਪੱਧਰ ਉੱਤੇ ਸੂਚਨਾ, ਸਿੱਖਿਆ ਅਤੇ ਪ੍ਰਸਾਰ ਮੁਹਿੰਮ ਲਈ ਤਾਲਮੇਲ ਪੈਦਾ ਕਰੇਗਾ ਤੇ ਇਸ ਮੁਹਿੰਮ ਦੀ ਦੇਖਰੇਖ ਕਰੇਗਾ; ਜੋ ਕਿ ਲੋਕ ਸੰਬੋਧਨ ਪ੍ਰਣਾਲੀ, ਹੋਰਡਿੰਗਜ਼ (ਬੋਰਡ), ਬੈਨਰ, ਇਸ਼ਤਿਹਾਰ ਵੰਡ ਕੇ ਅਤੇ ਹੋਰ ਸਥਾਨਕ ਤਰੀਕਿਆਂ ਨਾਲ ਪ੍ਰਚਾਰ ਰਾਹੀਂ ਕੀਤੀ ਜਾਵੇਗੀ; ਤਾਂ ਜੋ ਲੋਕ-ਸ਼ਮੂਲੀਅਤ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਸਥਾਨਕ ਭਾਈਚਾਰੇ ਦੀ ਸਹੀ ਸ਼ਮੂਲੀਅਤ ਹੋ ਸਕੇ। ਬਿਹਤਰ ਢੰਗ ਨਾਲ ਸਮਝਾਉਣ ਲਈ ਗ੍ਰਾਮ ਪੰਚਾਇਤ ਦੇ ਖੇਤਰ ਵਿੱਚ ਪ੍ਰਮੁੱਖ ਸਥਾਨਾਂ ਉੱਤੇ 'ਗ੍ਰਾਮ ਪੰਚਾਇਤ ਵਿਕਾਸ ਯੋਜਨਾ' ਬਾਰੇ ਬੋਰਡ (ਹੋਰਡਿੰਗ) ਲਾਏ ਜਾਣਗੇ।
ii. ਸਾਰੇ ਅਧਿਕਾਰੀਆਂ/ਪੰਚਾਇਤੀ ਰਾਜ ਅਦਾਰਿਆਂ ਦੇ ਮੈਂਬਰਾਂ ਨੂੰ ਗ੍ਰਾਮ ਸਭਾ ਦੀਆਂ ਉਨ੍ਹਾਂ ਮੀਟਿੰਗਾਂ ਵਿੱਚ ਔਰਤਾਂ ਸਮੇਤ ਸਥਾਨਕ ਵਾਸੀਆਂ ਦੇ ਸਾਰੇ ਵਰਗਾਂ ਦੀ ਸਹੀ ਸ਼ਮੂਲੀਅਤ ਯਕੀਨੀ ਬਣਾਉਣੀ ਚਾਹੀਦੀ ਹੈ, ਜੋ ਲੋਕ-ਸ਼ਮੂਲੀਅਤਕਾਰੀ ਯੋਜਨਾਬੰਦੀ ਦੇ ਮੰਤਵ ਲਈ ਸੱਦੀਆਂ ਜਾਂਦੀਆਂ ਹਨ।
iii. ਯੋਜਨਾਬੰਦੀ ਦੇ ਅਮਲ ਵਿੱਚ ਸਥਾਨਕ ਭਾਈਚਾਰੇ ਦੀ ਸ਼ਮੂਲੀਅਤ ਲਈ ਸਾਰੇ ਚੁਣੇ ਨੁਮਾਇੰਦਿਆਂ/ਕਰਮਚਾਰੀਆਂ ਤੇ ਅਧਿਕਾਰੀਆਂ/ਮੋਹਰੀ ਗ਼ੈਰ-ਸਰਕਾਰੀ ਜੱਥੇਬੰਦੀਆਂ/ਜਨਤਕ ਅਦਾਰਿਆਂ ਨੂੰ ਮਾਣਯੋਗ ਮੰਤਰੀ ਵੱਲੋਂ ਸਹੀਬੰਦ ਚਿੱਠੀ/ਸਲਾਹਕਾਰੀ ਭੇਜਣੀ ਹੋਵੇਗੀ।

## 3. 3 ਤਿਆਰੀ ਮੀਟਿੰਗਾਂ

i. ਲੋਕ-ਸ਼ਮੂਲੀਅਤ ਯੋਜਨਾਬੰਦੀ ਪ੍ਰਕਿਰਿਆ ਤਹਿਤ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਲਈ ਡਿਪਟੀ ਕਮਿਸ਼ਨਰ/ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਬੀ.ਡੀ.ਪੀ.ਓਜ਼ ਦੀ ਪ੍ਰਧਾਨਗੀ ਹੇਠ ਸਬੰਧਤ 'ਲਾਈਨ' ਵਿਭਾਗਾਂ ਨਾਲ ਜ਼ਿਲ੍ਹਾ ਤੇ ਬਲਾਕ ਪੱਧਰਾਂ ਉੱਤੇ ਤਿਆਰੀ ਮੀਟਿੰਗਾਂ ਕਰਨੀਆਂ ਹੋਣਗੀਆਂ।

**ii.** ਬਲਾਕ ਪੱਧਰ ਉਤੇ, ਬੀ.ਡੀ.ਪੀ.ਓ. ਵੱਲੋਂ ਪੰਚਾਇਤੀ ਰਾਜ ਅਦਾਰਿਆਂ ਦੇ ਚੁਣੇ ਨੁਮਾਇੰਦਿਆਂ, ਵਿਸ਼ੇਸ਼ ਸਹਾਇਤਾ ਸਮੂਹਾਂ/ਫ਼ੈਡਰੇਸ਼ਨਾਂ, ਆਈ.ਸੀ.ਡੀ.ਐਸ. ਦੇ ਨੁਮਾਇੰਦਿਆਂ ਅਤੇ ਸਿਹਤ ਕਾਮਿਆਂ ਦੇ ਨਾਲ-ਨਾਲ ਗ੍ਰਾਮ ਪੰਚਾਇਤ ਪੱਧਰ ਉੱਤੇ ਲੋਕ-ਸ਼ਮੂਲੀਅਤ ਦੀ ਪ੍ਰਕਿਰਿਆ ਨੂੰ ਅੰਜਾਮ ਦੇਣ ਵਾਲੇ ਭਾਈਚਾਰਕ ਪੱਧਰ ਉੱਤੇ ਹੋਰ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਇੱਕ ਖ਼ਾਸ ਮੀਟਿੰਗ ਸੱਦੀ ਜਾਵੇਗੀ। ਬੀ.ਡੀ.ਪੀ.ਓ. ਉਨ੍ਹਾਂ ਸਭਨਾਂ ਨੂੰ ਯੋਜਨਾਬੰਦੀ ਪ੍ਰਕਿਰਿਆ ਦੇ ਹਰੇਕ ਪੜਾਅ ਵਿੱਚ ਹਿੱਸਾ ਲੈਣ ਦੀ ਅਪੀਲ ਕਰੇਗਾ, ਤਾਂ ਕਿ ਸਾਰੇ ਵਰਗਾਂ ਦੀਆਂ ਮਹਿਸੂਸ ਕੀਤੀਆਂ ਗਈਆਂ ਜ਼ਰੂਰਤਾਂ ਵਾਜਬ ਤਰੀਕੇ ਪੂਰੀਆਂ ਕੀਤੀਆਂ ਜਾ ਸਕਣ।

## 3. 4 ਗ੍ਰਾਮ ਪੰਚਾਇਤ ਪੱਧਰੀ ਮੀਟਿੰਗ

ਗ੍ਰਾਮ ਪੰਚਾਇਤ ਪੱਧਰ ਉਤੇ, ਸਰਪੰਚ ਵੱਲੋਂ ਗ੍ਰਾਮ ਪੰਚਾਇਤ ਪੱਧਰ ਦੀ ਯੋਜਨਾਬੰਦੀ ਲਈ ਪੰਚਾਇਤੀ ਰਾਜ ਅਦਾਰਿਆਂ ਦੇ ਬੁਨਿਆਦੀ ਪੱਧਰ ਦੇ ਚੁਣੇ ਨੁਮਾਇੰਦਿਆਂ, ਪੰਚਾਇਤੀ ਰਾਜ ਅਦਾਰਿਆਂ ਦੇ ਸਾਬਕਾ ਮੈਂਬਰਾਂ ਤੇ ਵਾਰਡ ਪੰਚ ਜਿਹੇ ਕਰਮਚਾਰੀਆਂ/ਅਧਿਕਾਰੀਆਂ, ਸਵੈ-ਸਹਾਇਤਾ ਸਮੂਹਾਂ, ਆਂਗਨਵਾੜੀ ਵਰਕਰਜ਼, ਆਸ਼ਾ, ਗ਼ੈਰ-ਸਰਕਾਰੀ ਜੱਥੇਬੰਦੀਆਂ ਤੇ ਹੋਰਨਾਂ ਦੀਆਂ ਬਹੁਤ ਸਾਰੀਆਂ ਮੀਟਿੰਗਾਂ ਸੱਦੀਆਂ ਜਾਣਗੀਆਂ। ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦੇ ਉਨ੍ਹਾਂ ਦੇ ਪੱਧਰ ਨਾਲ ਸਬੰਧਤ ਸਾਰੇ ਪੱਖ ਸਾਰੀਆਂ ਸਬੰਧਤ ਧਿਰਾਂ ਨਾਲ ਸਾਂਝੇ ਕਰਨੇ ਹੋਣਗੇ। ਸਰਪੰਚ ਉਨ੍ਹਾਂ ਸਭਨਾਂ ਨੂੰ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਸਹਿਯੋਗ ਲਈ ਵੀ ਅਪੀਲ ਕਰੇਗਾ; ਤਾਂ ਕਿ ਭਾਈਚਾਰੇ ਦੇ ਸਾਰੇ ਵਰਗਾਂ ਦੀਆਂ ਇੱਛਾਵਾਂ ਦੀ ਜਾਣਕਾਰੀ ਮਿਲ ਸਕੇ ਤੇ ਵੱਖੋ-ਵੱਖਰੇ ਖੇਤਰਾਂ ਦੀਆਂ ਖੇਤਰਵਾਰ ਜ਼ਰੂਰਤਾਂ ਪੂਰੀਆਂ ਹੋ ਸਕਣ।

## 3. 5 ਵੱਖੋ-ਵੱਖ ਪੱਧਰਾਂ ਉੱਤੇ ਜ਼ਿੰਮੇਵਾਰੀ

ਲੋਕ-ਸ਼ਮੂਲੀਅਤ ਯੋਜਨਾਬੰਦੀ ਪ੍ਰਕਿਰਿਆ ਦੀ ਦੇਖਰੇਖ ਲਈ ਜ਼ਿਲ੍ਹੇ ਦੇ ਹਰੇਕ ਬਲਾਕ ਲਈ ਜ਼ਿਲ੍ਹਾ ਪੱਧਰੀ ਅਧਿਕਾਰੀ ਅਲਾਟ ਕਰਨੇ ਹੋਣਗੇ। ਇਸੇ ਤਰ੍ਹਾਂ ਹਰੇਕ ਬਲਾਕ ਵਿੱਚ ਨੋਡਲ ਭਾਵ ਕੇਂਦਰੀ ਅਧਿਕਾਰੀਆਂ, ਐਸ.ਈ.ਪੀ.ਓ., ਪੰਚਾਇਤ ਸਕੱਤਰ, ਜੇ.ਈ. ਨੂੰ ਹਰੇਕ ਗ੍ਰਾਮ ਪੰਚਾਇਤ ਦੀਆਂ ਯੋਜਨਾਬੰਦੀ ਨਾਲ ਸਬੰਧਤ ਸਰਗਰਮੀਆਂ ਉੱਤੇ ਨਿਗਰਾਨੀ ਲਈ ਨਾਮਜ਼ਦ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਵੱਲੋਂ ਹਰੇਕ ਪੱਧਰ ਉੱਤੇ ਦੇਖਰੇਖ ਤੇ ਨਿਗਰਾਨੀ ਲਈ ਅਧਿਕਾਰੀ ਨਾਮਜ਼ਦ ਕੀਤੇ ਜਾਣਗੇ। ਜ਼ਿਲ੍ਹਾ ਪੱਧਰ ਉੱਤੇ ਡਿਪਟੀ ਕਮਿਸ਼ਨਰ ਬਲਾਕਵਾਰ ਨਿਗਰਾਨੀ ਪ੍ਰਬੰਧ ਕਾਇਮ ਕਰੇਗਾ, ਤਾਂ ਕਿ ਸਾਰੇ ਬਲਾਕ ਯੋਜਨਾਬੰਦੀ ਦੀ ਕਾਰਵਾਈ ਇੱਕ ਮਿਥੀ ਮਿਆਦ ਵਿੱਚ ਮੁਕੰਮਲ ਕਰ ਸਕਣ। ਇਸੇ ਤਰ੍ਹਾਂ, ਬੀ.ਡੀ.ਪੀ.ਓ. ਯੋਜਨਾਬੰਦੀ ਦੀ ਪ੍ਰਕਿਰਿਆ ਦੌਰਾਨ ਗ੍ਰਾਮ ਪੰਚਾਇਤਵਾਰ ਵੇਰਵੇ ਤਿਆਰ ਕਰੇਗਾ ਅਤੇ ਸਮੁੱਚੇ ਪ੍ਰਬੰਧ ਦੀ ਦੇਖਰੇਖ ਕਰੇਗਾ।

ਯੋਜਨਾਬੰਦੀ ਦੀ ਪ੍ਰਕਿਰਿਆ ਦੌਰਾਨ ਗਤੀਵਿਧੀਆਂ ਸ਼ੁਰੂ ਹੋਣ ਤੋਂ ਪਹਿਲਾਂ ਬਲਾਕ ਤੇ ਗ੍ਰਾਮ ਪੰਚਾਇਤ ਪੱਧਰ ਦੇ ਨੋਡਲ ਅਧਿਕਾਰੀ ਆਪਣੇ ਖੇਤਰ ਦਾ ਦੌਰਾ ਕਰਨਗੇ। ਉਨ੍ਹਾਂ ਨੂੰ ਯੋਜਨਾਬੰਦੀ ਪ੍ਰਕਿਰਿਆ ਉੱਤੇ ਮਾੜਾ ਅਸਰ ਪਾਉਣ ਵਾਲੇ ਅੜਿੱਕਿਆਂ ਦੀ ਸ਼ਨਾਖ਼ਤ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਦੇ ਹੱਲ ਲੱਭਣੇ ਚਾਹੀਦੇ ਹਨ। ਸਮੁੱਚੀ ਗ੍ਰਾਮ ਪੰਚਾਇਤ ਵਿਕਾਸ ਯੋਜਨਾਬੰਦੀ ਮੁਹਿੰਮ 'ਤੇ ਹੇਠਾਂ ਦਿੱਤੇ ਮੁਤਾਬਕ ਤਿੰਨ-ਪੜਾਵੀ ਢਾਂਚੇ ਰਾਹੀਂ ਨਿਗਰਾਨੀ ਕੀਤੀ ਜਾਵੇਗੀ:-

**ਸੂਚੀ-4: ਗ੍ਰਾਮ ਪੰਚਾਇਤ ਯੋਜਨਾਬੰਦੀ ਲਈ ਮਾਹੌਲ ਉਸਾਰੀ ਲਈ ਨਿਗਰਾਨੀ ਕਵਰੇਜ**

| ਲੜੀ ਨੰ. | ਪੱਧਰ | ਕਵਰੇਜ ਦੀ ਫ਼ੀਸਦ |
|---|---|---|
| 1 | ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਵਿਭਾਗ ਦੇ ਸੂਬਾ ਪੱਧਰੀ ਅਧਿਕਾਰੀ | 5 |
| 2 | ਡਿਪਟੀ ਕਮਿਸ਼ਨਰ, ਏ.ਡੀ.ਸੀ. (ਡੀ), ਡੀ.ਆਰ.ਡੀ.ਏ. ਅਤੇ ਜ਼ਿਲ੍ਹਾ ਤੇ ਸਬ-ਡਿਵੀਜ਼ਨ ਪੱਧਰ ਦੇ ਹੋਰ ਅਧਿਕਾਰੀ | 10 |
| 3 | ਬੀ.ਡੀ.ਪੀ.ਓ., ਐਸ.ਈ.ਪੀ.ਓ. ਅਤੇ 'ਲਾਈਨ' ਵਿਭਾਗ ਦੇ ਹੋਰ ਅਧਿਕਾਰੀ | 30 |

# ਅਧਿਆਇ – 4

## ਹਾਲਤ ਵਿਸ਼ਲੇਸ਼ਣ ਅਤੇ ਲੋਕ ਸ਼ਮੂਲੀਅਤ ਯੋਜਨਾਬੰਦੀ

### 4. 1. ਹਾਲਤ ਦਾ ਜਾਇਜ਼ਾ

ਗ੍ਰਾਮ ਪੰਚਾਇਤ ਪੱਧਰ ਉੱਤੇ, ਇੱਕ ਯੋਜਨਾਬੰਦੀ ਇਕਾਈ ਦਾ ਗਠਨ ਕੀਤਾ ਜਾਵੇਗਾ; ਜਿਸ ਵਿੱਚ ਮੌਜੂਦਾ ਹਾਲਤ ਦਾ ਜਾਇਜ਼ਾ ਲੈਣ ਲਈ ਹੇਠ ਲਿਖੇ ਮੈਂਬਰ ਸ਼ਾਮਲ ਹੋਣਗੇ।

i. ਸਰਪੰਚ
ii. ਪੰਚਾਇਤ ਸਕੱਤਰ
iii. ਗ੍ਰਾਮ ਰੋਜ਼ਗਾਰ ਸਹਾਇਕ
iv. ਗ੍ਰਾਮ ਪੰਚਾਇਤ ਪੱਧਰ ਉੱਤੇ ਸਥਾਈ ਕਮੇਟੀ ਦੇ ਮੈਂਬਰ
v. ਸਥਾਈ ਕਮੇਟੀਆਂ ਨਾਲ ਜੁੜੇ ਗ੍ਰਾਮ ਪੰਚਾਇਤ ਪੱਧਰ ਦੇ ਕਰਮਚਾਰੀ/ਅਧਿਕਾਰੀ ਜਿਵੇਂ ਕਿ ਜੇ.ਈ. (ਗ੍ਰਾਮ ਪੰਚਾਇਤ), ਭੋਂ ਸੁਰੱਖਿਆ/ਬਾਗ਼ਬਾਨੀ ਸਹਾਇਕ, ਆਂਗਨਵਾੜੀ ਵਰਕਰ, ਆਸ਼ਾ, ਸਕੂਲ ਅਧਿਆਪਕ, ਫ਼ਾਰੈਸਟਰ ਆਦਿ
vi. ਗ਼ੈਰ-ਸਰਕਾਰੀ ਜੱਥੇਬੰਦੀਆਂ ਅਤੇ ਸੇਵਾ-ਮੁਕਤ ਸਰਕਾਰੀ ਅਧਿਕਾਰੀ
vii. ਸਮਾਜ ਦੇ ਹੋਰ ਮੈਂਬਰ ਜਿਵੇਂ ਕਿ ਨਹਿਰੂ ਯੁਵਾ ਕੇਂਦਰ, ਸਵੈ-ਸਹਾਇਤਾ ਸਮੂਹ ਆਦਿ ਗ੍ਰਾਮ ਪੰਚਾਇਤ ਵੱਲੋਂ ਨਾਮਜ਼ਦ ਕੀਤੇ ਜਾਣਗੇ

ਗ੍ਰਾਮ ਪੰਚਾਇਤ ਪੱਧਰ ਉੱਤੇ ਕਾਇਮ ਮੌਜੂਦਾ ਸਥਾਈ ਕਮੇਟੀਆਂ ਨੂੰ ਗ੍ਰਾਮ ਪੰਚਾਇਤ ਪੱਧਰ ਦੇ ਸਬੰਧਤ ਲਾਈਨ ਵਿਭਾਗ ਦੇ ਅਧਿਕਾਰੀਆਂ ਦੀ ਸ਼ਮੂਲੀਅਤ ਨਾਲ ਸਰਗਰਮ ਕਰਨ ਦੀ ਜ਼ਰੂਰਤ ਹੋਵੇਗੀ। ਜਿਹੜੀਆਂ ਗ੍ਰਾਮ ਪੰਚਾਇਤਾਂ ਦੀਆਂ ਸਥਾਈ ਕਮੇਟੀਆਂ ਹਾਲੇ ਕਾਇਮ ਨਹੀਂ ਕੀਤੀਆਂ ਗਈਆਂ, ਉਨ੍ਹਾਂ ਨੂੰ ਤੁਰੰਤ ਕਾਇਮ ਕਰਨ ਦੀ ਜ਼ਰੂਰਤ ਹੋਵੇਗੀ। ਹਰੇਕ ਸਥਾਈ ਕਮੇਟੀ ਆਪੋ-ਆਪਣੇ ਖੇਤਰ ਮੁਤਾਬਕ ਗ੍ਰਾਮ ਪੰਚਾਇਤ ਵਿੱਚ ਮੌਜੂਦ ਬੁਨਿਆਦੀ ਢਾਂਚੇ, ਵਸੀਲਿਆਂ ਅਤੇ ਸੇਵਾਵਾਂ ਦੀ ਸ਼ਨਾਖ਼ਤ ਕਰੇਗੀ। ਗ੍ਰਾਮ ਪੰਚਾਇਤ ਪੱਧਰ ਦੀ ਹਰੇਕ ਸਥਾਈ ਕਮੇਟੀ ਨੂੰ ਸੌਂਪੇ ਗਏ ਖੇਤਰ ਦੇ ਮੋਟੇ-ਮੋਟੇ ਤਫ਼ਸੀਲੀ ਵੇਰਵੇ ਅਨੁਲੱਗ-1 ਵਿੱਚ ਦਿੱਤੇ ਗਏ ਹਨ।

ਸਾਰੀਆਂ ਸਥਾਈ ਕਮੇਟੀਆਂ ਵੱਲੋਂ ਹਾਲਤ ਦਾ ਜਾਇਜ਼ਾ ਲੈ ਲਏ ਜਾਣ ਤੋਂ ਬਾਅਦ, ਯੋਜਨਾਬੰਦੀ ਇਕਾਈ ਉਪਲਬਧ 'ਗੌਣ ਅੰਕੜਿਆਂ'('ਸੈਕੰਡਰੀ ਡੇਟਾ') ਅਤੇ ਗ੍ਰਾਮ ਪੰਚਾਇਤ ਖੇਤਰ ਦੇ ਸਥਾਨਕ ਨਿਵਾਸੀਆਂ ਨਾਲ ਸਲਾਹ-ਮਸ਼ਵਰੇ ਦੀ ਮਦਦ ਨਾਲ ਵਿਭਿੰਨ ਪੈਮਾਨਿਆਂ ਦੇ ਆਧਾਰ ਉੱਤੇ ਹਾਲਤ ਦਾ ਮੁਲੰਕਣ ਕਰੇਗੀ। ਯੋਜਨਾਬੰਦੀ ਇਕਾਈ ਨੂੰ ਵਰਤਮਾਨ ਹਾਲਤ ਦੇ ਹਕੀਕੀ ਮੁਲੰਕਣ ਕਰਨ ਲਈ ਸਮੂਹਕ ਕੇਂਦਰਿਤ ਵਿਚਾਰ-ਚਰਚਾ ਤੇ ਵਿੱਤੀ, ਮਨੁੱਖੀ ਅਤੇ ਹੋਰ ਵਸੀਲਿਆਂ ਦਾ ਪੂਰਾ-ਪੂਰਾ ਧਿਆਨ ਰੱਖਣਾ ਹੋਵੇਗਾ।

ਹਾਲਾਤੀ ਵਿਸ਼ਲੇਸ਼ਣ ਕਰਨ ਲਈ ਮੁਢਲੇ ਅਤੇ ਸਹਾਇਕ (ਗੌਣ) ਅੰਕੜੇ ਇਕੱਠੇ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਤੇ ਉਨ੍ਹਾਂ ਉੱਤੇ ਟਿੱਪਣੀਆਂ ਕਰਨ ਦੀ ਲੋੜ ਹੁੰਦੀ ਹੈ। ਇਹ ਵਿਸ਼ਲੇਸ਼ਣ ਅੰਕੜਿਆਂ ਉੱਤੇ ਆਧਾਰਤ ਹੋਣਾ ਚਾਹੀਦਾ ਹੈ ਅਤੇ ਲੋਕਾਂ ਦੇ ਗਿਆਨ ਰਾਹੀਂ ਉਸ ਦੀ ਤਸਦੀਕ ਵੀ ਕੀਤੀ ਗਈ ਹੋਣੀ ਚਾਹੀਦੀ ਹੈ।

1. **ਮੁਢਲੇ ਅੰਕੜੇ ਕੀ ਹਨ?**

ਮੁਢਲੇ ਅੰਕੜੇ ਉਹ ਜਾਣਕਾਰੀ ਹੁੰਦੀ ਹੈ ਜੋ ਸਿੱਧੇ ਘਰੋ-ਘਰੀ ਜਾ ਕੇ ਸਰਵੇਖਣਾਂ, ਟ੍ਰਾਂਜ਼ੈਕਟਵਾਕ (ਮੌਕੇ 'ਤੇ ਜਾ ਕੇ ਪੂਰੇ ਪ੍ਰਾਜੈਕਟ ਦਾ ਜਾਇਜ਼ਾ ਲੈਣਾ), ਸਮੂਹ ਵਿੱਚ ਪੂਰੇ ਧਿਆਨ ਨਾਲ ਵਿਚਾਰ-ਵਟਾਂਦਰੇ ਕਰਕੇ, ਸਮਾਜਿਕ ਰੂਪ-ਰੇਖਾ ਤਿਆਰ ਕਰਨ ਆਦਿ ਜਿਹੇ ਤਰੀਕਿਆਂ ਰਾਹੀਂ ਇਕੱਠੇ ਕੀਤੇ ਜਾਂਦੇ ਹਨ। ਮੁਢਲੇ ਅੰਕੜੇ ਇਕੱਠੇ ਕਰਨ ਦਾ ਮੰਤਵ ਇਹ ਹੁੰਦਾ ਹੈ:

- ਸ਼ੁਰੂਆਤੀ ਜਾਣਕਾਰੀ ਇਕੱਠੀ ਕਰਨੀ
- ਪਹਿਲਾਂ ਮੌਜੂਦ ਕਿਸੇ ਸਹਾਇਕ ਜਾਣਕਾਰੀ ਨੂੰ ਤਸਦੀਕ ਕਰਨਾ
- ਸਥਾਨਕ ਪੱਧਰ ਉੱਤੇ ਹੱਲ ਕਰਨ ਲਈ ਮੁੱਦਿਆਂ ਦੀ ਸ਼ਨਾਖ਼ਤ ਕਰਨੀ
- ਸੰਭਾਵਨਾਵਾਂ/ਮੌਕਿਆਂ ਦੀ ਸ਼ਨਾਖ਼ਤ ਕਰਨੀ
- ਲੋਕਾਂ ਦੀ ਸ਼ਮੂਲੀਅਤ ਨੂੰ ਹੱਲਾਸ਼ੇਰੀ ਦੇਣਾ ਤੇ ਯਕੀਨੀ ਬਣਾਉਣਾ

**ਮੁਢਲੇ ਅੰਕੜੇ ਇਕੱਠੇ ਕਰਨ ਲਈ ਸੰਦ ਅਤੇ ਤਕਨੀਕਾਂ**

- ਘਰੋ-ਘਰੀ ਜਾ ਕੇ ਸਰਵੇਖਣ ਕਰਨਾ
- ਲੋਕ-ਸ਼ਮੂਲੀਅਤ ਰਾਹੀਂ ਪੇਂਡੂ ਮੁਲੰਕਣ (ਪੀ.ਆਰ.ਏ.) ਅਜਿਹੀਆਂ ਤਕਨੀਕਾਂ ਦਾ ਇੱਕ ਸੈੱਟ ਹੁੰਦਾ ਹੈ, ਜਿਨ੍ਹਾਂ ਰਾਹੀਂ ਕਿਸੇ ਪਿੰਡ/ਭਾਈਚਾਰੇ ਦੀ ਮੌਜੂਦਾ ਸਥਿਤੀ ਦਾ ਮੁਲੰਕਣ ਕੀਤਾ ਜਾਂਦਾ ਹੈ। ਇਹ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਰਾਹੀਂ ਕੀਤਾ ਜਾਂਦਾ ਹੈ ਤੇ ਇੰਝ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸਮਝਿਆ ਜਾਂਦਾ ਹੈ ਅਤੇ ਲੋਕਾਂ ਦੀ ਹੀ ਮਦਦ ਨਾਲ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਢੰਗ-ਤਰੀਕੇ ਲੱਭੇ ਜਾਂਦੇ ਹਨ।
- ਪੀ.ਆਰ.ਏ. ਦਾ ਮਕਸਦ ਸਥਾਨਕ ਪੱਧਰ ਦੇ ਲੋਕਾਂ ਨਾਲ ਵੱਖੋ-ਵੱਖਰੇ ਤਰੀਕਿਆਂ ਨਾਲ ਕੀਤੀ ਸਿੱਧੀ ਗੱਲਬਾਤ ਰਾਹੀਂ ਜਾਇਦਾਦਾਂ ਦੀ ਹਾਲਤ, ਮਨੁੱਖੀ ਵਿਕਾਸ ਤੇ ਸੇਵਾਵਾਂ ਬਾਰੇ ਮੁਢਲੀ ਜਾਣਕਾਰੀ ਲੈਣ ਦੇ ਯੋਗ ਹੋਣਾ ਹੈ।
- ਸਮਾਜਿਕ ਰੂਪ-ਰੇਖਾ ਅਤੇ ਵਸੀਲਾ ਰੂਪ-ਰੇਖਾ ਇੱਕ ਅਜਿਹੀ ਦਿਸਣਯੋਗ ਵਿਧੀ ਹੈ ਜੋ ਪਰਿਵਾਰਾਂ ਦੀ ਸਬੰਧਤ ਸਥਿਤੀ ਅਤੇ ਵੱਖ-ਵੱਖ ਲੋਕਾਂ ਦੀ ਵੰਡ ਦੇ ਨਾਲ-ਨਾਲ ਸਮਾਜਿਕ ਬਣਤਰ, ਸਮੂਹਾਂ ਤੇ ਖੇਤਰ ਦੇ ਸੰਗਠਨ ਨੂੰ ਦਰਸਾਉਂਦੀ ਹੈ।

**2. ਸਹਾਇਕ/ਗੌਣ ਅੰਕੜੇ**

- ਸਹਾਇਕ ਅੰਕੜੇ ਉਹ ਜਾਣਕਾਰੀ ਹੁੰਦੇ ਹਨ ਜੋ ਪਹਿਲਾਂ ਹੀ ਰਿਪੋਰਟਾਂ ਜਾਂ ਪ੍ਰਕਾਸ਼ਿਤ ਅੰਕੜਿਆਂ ਜਾਂ ਰਜਿਸਟਰਾਂ ਵਿੱਚ ਮੌਜੂਦ ਜਾਣਕਾਰੀ ਦੇ ਰੂਪ ਵਿੱਚ ਹਾਸਲ ਹੁੰਦੇ ਹਨ।
- ਖੇਤਰਾਂ ਦੀ ਸੂਚੀ, ਜਿਸ ਲਈ ਅੰਕੜਿਆਂ ਦੀ ਜ਼ਰੂਰਤ ਹੁੰਦੀ ਹੈ; ਜਿਵੇਂ ਸਿਹਤ, ਸਿੱਖਿਆ, ਪੀਣ ਵਾਲਾ ਪਾਣੀ ਤੇ ਸਥਾਨਕ ਪੱਧਰ ਦੇ ਵਿਸ਼ੇਸ਼ ਮੁੱਦੇ।
- ਉਹ ਅੰਕੜੇ ਜੋ ਸੂਬਾਈ ਜਾਂ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਵੱਲੋਂ ਪੰਚਾਇਤ ਨੂੰ ਮੁਹੱਈਆ ਕਰਵਾਏ ਜਾਂਦੇ ਹਨ, ਮਰਦਮਸ਼ੁਮਾਰੀ, ਐਸ.ਈ.ਸੀ.ਸੀ., ਪਾਣੀ ਤੇ ਸੈਨੀਟੇਸ਼ਨ ਬਾਰੇ ਅੰਕੜੇ।
- ਉਹ ਅੰਕੜੇ ਜੋ ਗ੍ਰਾਮ ਪੰਚਾਇਤ ਦੇ ਆਪਣੇ ਰਿਕਾਰਡ ਵਿੱਚ ਮੌਜੂਦ ਹੁੰਦੇ ਹਨ।
- ਮੁਢਲਾ ਸਿਹਤ ਕੇਂਦਰ/ਉਪ-ਕੇਂਦਰ ਪੱਧਰ ਦੇ ਅੰਕੜੇ
- ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਦੇ ਅੰਕੜੇ
- ਆਂਗਨਵਾੜੀ ਦੇ ਅੰਕੜੇ
- ਪ੍ਰਾਇਮਰੀ ਸਕੂਲ ਦੇ ਅੰਕੜੇ
- ਸਵੈ-ਸਹਾਇਤਾ ਸਮੂਹ (ਐਸ.ਐਚ.ਜੀ.)/ਐਸ.ਐਚ.ਜੀ. ਫ਼ੈਡਰੇਸ਼ਨ ਦੇ ਅੰਕੜੇ
- ਐਸ.ਬੀ.ਐਮ. ਸਰਵੇਖਣ ਦੇ ਅੰਕੜੇ

ਹਾਲਤ ਦਾ ਜਾਇਜ਼ਾ ਲੈਂਦੇ ਸਮੇਂ ਗ੍ਰਾਮ ਪੰਚਾਇਤ ਨੂੰ ਆਪਣੇ ਅਧਿਕਾਰ-ਖੇਤਰ ਦੇ ਅੰਦਰ ਹੇਠ ਲਿਖੀਆਂ ਮੱਦਾਂ ਦਾ ਮੁਲੰਕਣ ਕਰਨਾ ਹੋਵੇਗਾ:

**ੳ) ਬੁਨਿਆਦੀ ਢਾਂਚਾ**

  - ਸੜਕਾਂ
  - ਇਮਾਰਤਾਂ, ਗ੍ਰਾਮ ਪੰਚਾਇਤ ਦੇ ਦਫ਼ਤਰ ਸਮੇਤ
  - ਪੁਲੀਆਂ

**ਅ) ਸ਼ਹਿਰੀ ਸਹੂਲਤਾਂ**

- ਸਫ਼ਾਈ, ਠੋਸ ਤੇ ਤਰਲ ਕੂੜਾ ਕਰਕਟ ਦੇ ਪ੍ਰਬੰਧ ਸਮੇਤ
- ਪੀਣ ਵਾਲਾ ਪਾਣੀ
- ਬਿਜਲੀ
- ਖੇਡ ਦੇ ਮੈਦਾਨ
- ਸ਼ਮਸ਼ਾਨਘਾਟ/ਕਬਰਿਸਤਾਨ

**ੲ) ਮਨੁੱਖੀ ਵਿਕਾਸ**

- ਆਂਗਨਵਾੜੀਆਂ
- ਸਕੂਲ
- ਲਾਇਬ੍ਰੇਰੀਆਂ
- ਮੁੱਢਲੇ ਸਿਹਤ ਕੇਂਦਰ

**ਸ) ਆਰਥਿਕ ਵਿਕਾਸ ਅਤੇ ਰੋਜ਼ਗਾਰ**

- ਖੇਤੀਬਾੜੀ ਅਤੇ ਸਹਾਇਕ ਖੇਤਰ, ਸਿੰਜਾਈ ਸਮੇਤ
- ਸਥਾਨਕ ਨਿਰਮਾਣ
- ਪਿੰਡ ਦੀਆਂ ਮੰਡੀਆਂ, ਗੋਦਾਮ ਆਦਿ
- ਨੌਕਰੀਆਂ ਤੇ ਰੋਜ਼ਗਾਰ ਦਾ ਮੁਲੰਕਣ
- ਲੋਕਾਂ ਦੀ ਵਿੱਤੀ ਸ਼ਮੂਲੀਅਤ

**ਹ) ਸਮਾਜਿਕ ਵਿਕਾਸ**

- ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲੇ
- ਬੱਚੇ
- ਔਰਤਾਂ
- ਸੀਨੀਅਰ ਨਾਗਰਿਕ ਭਾਵ ਬਜ਼ੁਰਗ
- ਅੰਗਹੀਣ, ਐਚ.ਆਈ.ਵੀ.,
- ਨਸ਼ੇ ਦੀ ਰੋਕਥਾਮ
- ਆਰਥਿਕ ਤੇ ਸਮਾਜਿਕ ਤੌਰ 'ਤੇ ਹੋਰ ਕਮਜ਼ੋਰ ਵਰਗ

**ਕ) ਕੁਦਰਤੀ ਵਸੀਲੇ**

- ਮਿੱਟੀ
- ਪਾਣੀ
- ਜੈਵਿਕ ਬਾਲਣ
- ਛੋਟੇ ਖਣਿਜ ਪਦਾਰਥ

ਜਾਇਜ਼ਾ ਲੈਣ ਤੋਂ ਬਾਅਦ, ਗ੍ਰਾਮ ਪੰਚਾਇਤ ਇੱਕ ਪਿੰਡ ਵਿਕਾਸ ਰਿਪੋਰਟ ਤਿਆਰ ਕਰੇਗੀ, ਜਿਸ ਵਿੱਚ ਹਾਲਤ ਦੇ ਵਿਸ਼ਲੇਸ਼ਣ ਦੇ ਨਤੀਜੇ ਵੀ ਸ਼ਾਮਲ ਕੀਤੇ ਜਾਣਗੇ।

ਗਰਾਮ ਪੰਚਾਇਤਾਂ ਵਿਕਾਸ ਯੋਜਨਾ ਤਿਆਰ ਕਰਦੇ ਸਮੇਂ ਇਹ ਧਿਆਨ ਰੱਖਣ ਕਿ ਉਨ੍ਹਾਂ ਕੰਮਾਂ ਨੂੰ ਤਰਜੀਹ ਦਿੱਤੀ ਜਾਵੇ ਜਿਨ੍ਹਾਂ ਨਾਲ ਵੱਧ ਤੋਂ ਵੱਧ ਆਬਾਦੀ ਨੂੰ ਲਾਭ ਪਹੁੰਚੇ।

## 4. 2. ਗ੍ਰਾਮ ਸਭਾ ਦੂਰ-ਦ੍ਰਿਸ਼ਟੀ ਪ੍ਰਕਿਰਿਆ

ਸਥਾਈ ਕਮੇਟੀਆਂ, ਸਬੰਧਤ ਵਿਭਾਗਾਂ ਵੱਲੋਂ ਦਿੱਤੀਆਂ ਸਲਾਹਾਂ/ਸੁਝਾਵਾਂ ਅਤੇ ਗ੍ਰਾਮ ਸਭਾ ਵਿੱਚ ਹੋਏ ਵਿਚਾਰ-ਵਟਾਂਦਰਿਆਂ ਦੇ ਆਧਾਰ ਉੱਤੇ ਕੀਤੇ ਹਾਲਾਤੀ ਵਿਸ਼ਲੇਸ਼ਣ ਮੁਤਾਬਕ ਗ੍ਰਾਮ ਪੰਚਾਇਤ ਦੀ ਯੋਜਨਾਬੰਦੀ ਇਕਾਈ ਹੇਠ ਲਿਖੇ ਮੁਤਾਬਕ ਜਾਇਜ਼ੇ ਲਵੇਗੀ:-

i. ਲੰਮੇ ਸਮੇਂ ਭਾਵ ਆਉਂਦੇ ਪੰਜ ਸਾਲਾਂ ਦੀਆਂ ਲੋੜਾਂ ਦੇ ਨਜ਼ਰੀਏ ਤੋਂ

ii. ਗ੍ਰਾਮ ਪੰਚਾਇਤ ਪੱਧਰ ਉੱਤੇ ਮੁੱਖ ਪੈਮਾਨਿਆਂ 'ਤੇ ਮੌਜੂਦਾ ਹਾਲਤ

ਮੌਜੂਦਾ ਹਾਲਤ ਦੇ ਮੁਲੰਕਣ ਤੋਂ ਬਾਅਦ ਅਤੇ ਲੋੜਾਂ ਦੇ ਨਜ਼ਰੀਏ ਮੁਤਾਬਕ ਗ੍ਰਾਮ ਪੰਚਾਇਤ ਯੋਜਨਾਬੰਦੀ ਇਕਾਈ ਧਿਆਨ ਨਾਲ ਹੇਠ ਲਿਖਿਆਂ ਦੀ ਸ਼ਨਾਖ਼ਤ ਕਰੇਗੀ:-

- ਬੁਨਿਆਦੀ ਢਾਂਚੇ ਵਿਚਲੇ "ਖੱਪੇ"
- ਸੇਵਾਵਾਂ ਅਤੇ ਮਿਆਰਾਂ/ਪੈਮਾਨਿਆਂ ਵਿੱਚ "ਕਮੀਆਂ"
- ਆਰਥਿਕ ਵਿਕਾਸ ਲਈ "ਸੰਭਾਵਨਾ"
- ਮਨੁੱਖੀ ਵਿਕਾਸ ਵਿੱਚ "ਘਾਟਾਂ"
- ਸਮਾਜਿਕ ਵਿਕਾਸ ਵਿੱਚ "ਸਮੱਸਿਆਵਾਂ"
- "ਕੁਦਰਤੀ ਵਸੀਲਾ ਪ੍ਰਬੰਧ ਦੀਆਂ ਚਿੰਤਾਵਾਂ"

ਗ੍ਰਾਮ ਸਭਾ ਵਿੱਚ ਮਿਲੀ ਮਨਜ਼ੂਰੀ ਦੇ ਆਧਾਰ ਉੱਤੇ ਗ੍ਰਾਮ ਸਭਾ ਅਖ਼ੀਰ 'ਚ ਦੂਰ-ਦ੍ਰਿਸ਼ਟੀ ਪ੍ਰਕਿਰਿਆ ਨੂੰ ਮਨਜ਼ੂਰ ਕਰ ਦੇਵੇਗੀ।

## 4. 3. ਬਿਨਾਂ ਖ਼ਰਚ ਵਿਕਾਸ

ਗ੍ਰਾਮ ਪੰਚਾਇਤ ਸਾਰੀਆਂ ਗ੍ਰਾਮ ਸਭਾਵਾਂ ਨੂੰ ਸਮਾਜਿਕ ਪੱਖਾਂ ਦਾ ਧਿਆਨ ਰੱਖਣ ਲਈ ਸੇਧ ਦੇਵੇਗੀ, ਜਿਸ ਵਿੱਚ ਕੋਈ ਖ਼ਰਚਾ ਤਾਂ ਸ਼ਾਮਲ ਨਹੀਂ ਹੋਵੇਗਾ ਪਰ ਇਸ ਦੀ ਪਹੁੰਚ ਵਿੱਚ "ਜ਼ੋਰਦਾਰ ਕੋਸ਼ਿਸ਼ਾਂ" ਸ਼ਾਮਲ ਹੋਣਗੀਆਂ ਅਤੇ ਇਹ ਪਿੰਡ ਵਿੱਚ ਅਪਣੱਤ, ਇੱਕਜੁੱਟਤਾ ਤੇ ਸਮਾਜਿਕ ਮੇਲ-ਜੋਲ ਦਾ ਅਹਿਸਾਸ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਵੇਗੀ।

ਬਿਨਾਂ ਖ਼ਰਚੇ ਦੇ ਵਿਕਾਸ ਬਾਰੇ ਸਮਝਾਊ ਸੂਚੀ ਹੇਠਾਂ ਦਿੱਤੀ ਜਾਂਦੀ ਹੈ:-

- ਗ੍ਰਾਮ ਪੰਚਾਇਤ ਵੱਲੋਂ ਨੌਕਰੀਆਂ ਦੇ ਚਾਹਵਾਨਾਂ ਨੂੰ ਦਿੱਤਾ ਗਿਆ 100 ਫ਼ੀਸਦੀ ਗ਼ੈਰ-ਹੁਨਰਮੰਦ ਰੋਜ਼ਗਾਰ
- ਪ੍ਰਦੂਸ਼ਣ-ਰਹਿਤ (ਹਰਿਆਲੀਆਂ) ਪੰਚਾਇਤਾਂ
- ਪਾਣੀ ਦੀ ਮੁਕੰਮਲ ਸੰਭਾਲ ਕਰਨ ਵਾਲੀਆਂ ਗ੍ਰਾਮ ਪੰਚਾਇਤਾਂ
- ਸ਼ਰਾਬ ਦੀ ਦੁਰਵਰਤੋਂ-ਰਹਿਤ ਗ੍ਰਾਮ ਪੰਚਾਇਤਾਂ
- ਜੁਰਮ-ਰਹਿਤ, ਅਮਨ-ਕਾਨੂੰਨ ਵਾਲੀਆਂ ਗ੍ਰਾਮ ਪੰਚਾਇਤਾਂ
- ਸਾਖਰ ਗ੍ਰਾਮ ਪੰਚਾਇਤਾਂ (ਕੁੱਲ ਸਾਖਰਤਾ, ਮਹਿਲਾ ਸਾਖਰਤਾ, ਈ-ਸਾਖਰਤਾ)
- ਬੰਧੂਆ ਮਜ਼ਦੂਰੀ-ਰਹਿਤ ਗ੍ਰਾਮ ਪੰਚਾਇਤਾਂ
- ਬਾਲ ਮਜ਼ਦੂਰੀ-ਰਹਿਤ ਗ੍ਰਾਮ ਪੰਚਾਇਤਾਂ
- ਭੁੱਖ ਤੋਂ ਮੁਕਤ ਗ੍ਰਾਮ ਪੰਚਾਇਤਾਂ
- ਮਹਿਲਾਵਾਂ/ਬੱਚਿਆਂ ਦੀ ਸਮਗਲਿੰਗ ਤੋਂ ਮੁਕਤ ਗ੍ਰਾਮ ਪੰਚਾਇਤਾਂ
- ਪਾਰਦਰਸ਼ੀ ਗ੍ਰਾਮ ਪੰਚਾਇਤਾਂ
- ਬੱਚਿਆਂ ਪ੍ਰਤੀ ਦੋਸਤਾਨਾ ਗ੍ਰਾਮ ਪੰਚਾਇਤਾਂ
- ਦਾਜ ਮੁਕਤ ਗ੍ਰਾਮ ਪੰਚਾਇਤਾਂ
- ਬਾਲ-ਵਿਆਹ ਮੁਕਤ ਗ੍ਰਾਮ ਪੰਚਾਇਤਾਂ
- ਬਜ਼ੁਰਗਾਂ ਪ੍ਰਤੀ ਦੋਸਤਾਨਾ ਗ੍ਰਾਮ ਪੰਚਾਇਤਾਂ
- ਵੱਖਰੇ ਤੌਰ ਉੱਤੇ ਯੋਗ ਵਿਅਕਤੀਆਂ ਪ੍ਰਤੀ ਦੋਸਤਾਨਾ ਗ੍ਰਾਮ ਪੰਚਾਇਤਾਂ
- ਸਵੱਛ/ਸਾਫ਼ ਗ੍ਰਾਮ ਪੰਚਾਇਤਾਂ
- ਕੁਪੋਸ਼ਣ-ਰਹਿਤ ਗ੍ਰਾਮ ਪੰਚਾਇਤਾਂ
- ਲਿੰਗ ਯੋਜਨਾ ਵਾਲੀਆਂ ਗ੍ਰਾਮ ਪੰਚਾਇਤਾਂ
- ਤਪਦਿਕ, ਮਲੇਰੀਆ ਅਤੇ ਏਡਜ਼ ਜਿਹੇ ਰੋਗਾਂ ਤੋਂ ਮੁਕਤ ਗ੍ਰਾਮ ਪੰਚਾਇਤਾਂ
- ਇੰਦਰਾ ਆਵਾਸ ਯੋਜਨਾ ਤਹਿਤ ਪੇਂਡੂ ਮਕਾਨ ਉਸਾਰੀ ਨਾਲ ਸਬੰਧਤ ਯੋਜਨਾਵਾਂ 100 ਫ਼ੀਸਦੀ ਪੂਰੀਆਂ ਕਰ ਲੈਣ ਵਾਲੀਆਂ ਗ੍ਰਾਮ ਪੰਚਾਇਤਾਂ
- ਸੂਬਾਈ ਅਤੇ ਕੌਮੀ ਪੱਧਰ ਉੱਤੇ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਪਿੰਡਾਂ ਦੇ ਸਵੈ-ਸਹਾਇਤਾ ਸਮੂਹ
- ਰਿਕਾਰਡਾਂ ਮੁਤਾਬਕ ਵੱਖ-ਵੱਖ ਪੱਖਾਂ ਉੱਤੇ ਵਿਚਾਰ ਕਰਨ ਵਾਲਾ ਗ੍ਰਾਮ ਪੰਚਾਇਤ ਦਾ ਡੇਟਾਬੇਸ
- ਖੁੱਲ੍ਹੇ 'ਚ ਜੰਗਲ-ਪਾਣੀ ਜਾਣ ਤੋਂ ਮੁਕਤ ਗ੍ਰਾਮ ਪੰਚਾਇਤਾਂ
- ਨਵ-ਜੰਮੇ ਬਾਲਾਂ ਦੀਆਂ ਮੌਤਾਂ ਤੋਂ ਮੁਕਤ ਗ੍ਰਾਮ ਪੰਚਾਇਤਾਂ
- ਪੇਂਡੂ ਨੌਜਵਾਨਾਂ ਦਾ 100 ਫ਼ੀਸਦੀ ਹੁਨਰਮੰਦ ਰੋਜ਼ਗਾਰ

- 100 ਫ਼ੀਸਦੀ ਟੀਕਾਕਰਨ ਵਾਲੀਆਂ ਗ੍ਰਾਮ ਪੰਚਾਇਤਾਂ
- 100 ਫ਼ੀਸਦੀ ਸੰਸਥਾਗਤ ਜਣੇਪੇ ਵਾਲੀਆਂ ਗ੍ਰਾਮ ਪੰਚਾਇਤਾਂ
- ਸਕੂਲਾਂ ਦੀ 100 ਫ਼ੀਸਦੀ ਹਾਜ਼ਰੀ ਵਾਲੀਆਂ ਗ੍ਰਾਮ ਪੰਚਾਇਤਾਂ
- ਸਕੂਲੀ ਪੜ੍ਹਾਈ ਅਧਵਾਟੇ ਛੱਡਣ ਵਾਲੇ ਬੱਚਿਆਂ ਤੋਂ ਮੁਕਤ ਗ੍ਰਾਮ ਪੰਚਾਇਤਾਂ

ਹਾਲਤ ਦਾ ਜਾਇਜ਼ਾ ਲੈਣ ਲਈ ਸੁਝਾਇਆ ਫ਼ਾਰਮ ਹੇਠਾਂ ਦਿੱਤਾ ਜਾਂਦਾ ਹੈ:-

**ਸੂਚੀ-5: ਗ੍ਰਾਮ ਪੰਚਾਇਤ ਵੱਲੋਂ ਹਾਲਤ ਦਾ ਜਾਇਜ਼ਾ ਲੈਣ ਲਈ ਫ਼ਾਰਮ**

| ਖੇਤਰ | ਮੌਜੂਦਾ ਬੁਨਿਆਦੀ ਢਾਂਚਾ/ਸੇਵਾਵਾਂ | ਗਿਣਤੀ ਪੱਖੋਂ ਮੱਦਾਂ | ਖੱਪਾ/ਪਾੜਾ | ਗਿਣਤੀ ਪੱਖੋਂ ਮੱਦਾਂ |
|---|---|---|---|---|
| ਬੁਨਿਆਦੀ ਢਾਂਚਾ | | | | |
| ਸ਼ਹਿਰੀ ਸਹੂਲਤਾਂ | | | | |
| ਆਰਥਿਕ ਵਿਕਾਸ | | | | |
| ਸਮਾਜਿਕ ਵਿਕਾਸ | | | | |
| ਕੁਦਰਤੀ ਵਸੀਲੇ | | | | |

## 4. 4 ਮਹਿਸੂਸ ਕੀਤੀਆਂ ਜਾਣ ਵਾਲੀਆਂ ਜ਼ਰੂਰਤਾਂ ਦੀ ਤਰਜੀਹ

ਹਾਲਤ ਦੇ ਤਫ਼ਸੀਲੀ ਜਾਇਜ਼ੇ ਅਤੇ ਖੱਪਿਆਂ ਤੇ ਕਮੀਆਂ ਦੇ ਵਿਸ਼ਲੇਸ਼ਣ ਦੇ ਆਧਾਰ ਉੱਤੇ ਗ੍ਰਾਮ ਪੰਚਾਇਤ ਦੀ ਯੋਜਨਾਬੰਦੀ ਨਾਲ ਸਬੰਧਤ ਇਕਾਈ ਵੱਲੋਂ ਪੰਜ ਸਾਲਾਂ ਦੇ ਸਮੇਂ ਲਈ ਖੇਤਰਵਾਰ ਲੰਮੇ ਸਮੇਂ ਦੀਆਂ ਤਰਜੀਹਾਂ ਦਾ ਸਮਝਾਊ ਢੰਗ ਨਾਲ ਪਤਾ ਲਾਉਣਾ ਹੋਵੇਗਾ। ਹੇਠ ਲਿਖੇ ਫ਼ਾਰਮ ਮੁਤਾਬਕ ਚਾਲੂ ਵਰ੍ਹੇ ਲਈ ਲੰਮੇ ਸਮੇਂ ਦੀ ਤਰਜੀਹ ਤੇ ਫ਼ੌਰੀ/ਤਤਕਾਲ ਤਰਜੀਹ ਦੇ ਪੱਖ ਤੋਂ ਸ਼ਨਾਖ਼ਤ ਕਰਨੀ ਹੋਵੇਗੀ।

**ਸੂਚੀ-6: ਗ੍ਰਾਮ ਪੰਚਾਇਤ ਵੱਲੋਂ ਤਰਜੀਹੀ ਸਾਂਚਾ**

| ਖੇਤਰ | ਮੱਦਾਂ | ਲੰਮੇ ਸਮੇਂ ਦੀ ਤਰਜੀਹ | ਗਿਣਤੀ ਪੱਖੋਂ ਮੱਦਾਂ | ਫ਼ੌਰੀ/ਤਤਕਾਲ ਤਰਜੀਹ (ਚਾਲੂ ਸਾਲ) | ਚਾਲੂ ਤਰਜੀਹ ਦੀ ਦਰਜਾਬੰਦੀ | ਗਿਣਤੀ ਪੱਖੋਂ ਮੱਦਾਂ |
|---|---|---|---|---|---|---|
| ਬੁਨਿਆਦੀ ਢਾਂਚਾ | | | | | | |
| ਸ਼ਹਿਰੀ ਸਹੂਲਤਾਂ | | | | | | |
| ਆਰਥਿਕ ਵਿਕਾਸ | | | | | | |
| ਸਮਾਜਿਕ ਵਿਕਾਸ | | | | | | |
| ਕੁਦਰਤੀ ਵਸੀਲੇ | | | | | | |

ਗ੍ਰਾਮ ਪੰਚਾਇਤ ਯੋਜਨਾਬੰਦੀ ਇਕਾਈ ਦੀਆਂ ਉਪਰੋਕਤ ਤਰਜੀਹਾਂ ਦਾ ਮੁਆਇਨਾ ਗ੍ਰਾਮ ਪੰਚਾਇਤ ਵੱਲੋਂ ਕੀਤਾ ਜਾਵੇਗਾ। ਗ੍ਰਾਮ ਪੰਚਾਇਤ ਨੂੰ ਪੂਰੇ ਵਿਚਾਰ-ਵਟਾਂਦਰੇ ਤੋਂ ਬਾਅਦ ਸਾਰੀਆਂ ਤਜਵੀਜ਼ਾਂ ਅੰਤਿਮ ਪ੍ਰਵਾਨਗੀ ਲਈ ਗ੍ਰਾਮ ਸਭਾ ਸਾਹਮਣੇ ਰੱਖਣੀਆਂ ਹੋਣਗੀਆਂ।

# ਅਧਿਆਇ – 5

## ਗ੍ਰਾਮ ਪੰਚਾਇਤ ਵੱਲੋਂ ਵਿਕਾਸ ਯੋਜਨਾ ਦਾ ਅੰਦਾਜ਼ਾ ਲਾਉਣਾ ਅਤੇ ਅੰਤਿਮ ਰੂਪ ਦੇਣਾ

### 5.1 ਅੰਦਾਜ਼ਾ ਲਾਉਣ ਦੀ ਪ੍ਰਕਿਰਿਆ

ਹਾਲਾਤੀ ਵਿਸ਼ਲੇਸ਼ਣ ਅਤੇ ਲੋਕ ਸ਼ਮੂਲੀਅਤ ਯੋਜਨਾਬੰਦੀ ਅਮਲ ਤੋਂ ਬਾਅਦ, ਸਾਰੀਆਂ ਤਰਜੀਹੀ ਮੱਦਾਂ ਗ੍ਰਾਮ ਪੰਚਾਇਤ ਨੂੰ ਦਿੱਤੀਆਂ ਜਾਣਗੀਆਂ ਤਾਂ ਕਿ ਵਾਜਬ ਤਕਨੀਕੀ ਅਮਲੇ ਨੂੰ ਲਾਗਤ ਮਾਪਦੰਡ, ਮਦ/ਗਤੀਵਿਧੀਆਂ, ਸਮਾਂ-ਰੇਖਾ, ਤਰਜੀਹਾਂ ਲਾਗੂ ਕਰਨ ਦਾ ਪ੍ਰਬੰਧ, ਕਾਰਗੁਜ਼ਾਰੀ ਸੂਚਕ ਤੇ ਪ੍ਰਾਜੈਕਟਾਂ ਦੇ ਸੰਭਾਵੀ ਨਤੀਜੇ ਤਿਆਰ ਕਰਨ ਦਾ ਕੰਮ ਸੌਂਪਿਆ ਜਾ ਸਕੇ। ਪ੍ਰਾਜੈਕਟ ਦੀ ਤਜਵੀਜ਼ ਤਿਆਰ ਹੋਣ ਤੋਂ ਬਾਅਦ, ਉਸ ਨੂੰ ਫ਼ੰਡਾਂ ਦੀ ਵੰਡ ਲਈ ਗ੍ਰਾਮ ਪੰਚਾਇਤ ਹਵਾਲੇ ਕੀਤਾ ਜਾਵੇਗਾ।

ਤਿਆਰ ਕੀਤੇ ਅੰਦਾਜ਼ਿਆਂ ਦੇ ਆਧਾਰ ਉੱਤੇ ਗ੍ਰਾਮ ਪੰਚਾਇਤ ਪ੍ਰਾਜੈਕਟਾਂ ਲਈ ਧਨ ਦੀ ਵੰਡ ਕਰੇਗੀ। ਗ੍ਰਾਮ ਪੰਚਾਇਤ ਵੱਲੋਂ ਮਗਨਰੇਗਾ/ਕੇਂਦਰੀ ਵਿੱਤ ਕਮਿਸ਼ਨ/ਰਾਜ ਵਿੱਤ ਕਮਿਸ਼ਨ/ਆਪਣੇ ਵਸੀਲੇ/ਹੋਰ ਵਸੀਲਿਆਂ ਤੋਂ ਫ਼ੰਡਾਂ ਦੀ ਵੰਡ ਬਾਰੇ ਫ਼ੈਸਲਾ ਲਿਆ ਜਾਵੇਗਾ। ਜੇ ਪ੍ਰਾਜੈਕਟ ਗ੍ਰਾਮ ਪੰਚਾਇਤ ਦੇ ਵਸੀਲਾ-ਘੇਰੇ ਦੇ ਅੰਦਰ ਨਹੀਂ ਆਉਂਦੇ ਤਾਂ ਗ੍ਰਾਮ ਪੰਚਾਇਤ ਸਬੰਧਤ ਲਾਈਨ ਵਿਭਾਗ ਨੂੰ ਇਸ ਬਾਰੇ ਅਗਲੇਰੀ ਕਾਰਵਾਈ ਲਈ ਸਿਫ਼ਾਰਸ਼ ਕਰੇਗੀ ਅਤੇ ਇਸ ਸਬੰਧੀ ਜ਼ਿਲ੍ਹਾ ਪ੍ਰੀਸ਼ਦ ਨੂੰ ਜਾਣਕਾਰੀ ਦੇਵੇਗੀ। ਪ੍ਰਾਜੈਕਟ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ, ਪ੍ਰਾਜੈਕਟ ਨੂੰ ਲਾਭਪਾਤਰੀ ਸਮੂਹ ਪ੍ਰਤੀ ਤਰਜੀਹ ਨਾਲ ਮੌਜੂਦਾ ਢੰਗ-ਤਰੀਕੇ ਮੁਤਾਬਕ ਲਾਗੂ ਕੀਤਾ ਜਾਵੇਗਾ।

### 5.2 ਤਰਜੀਹੀ ਮੱਦਾਂ ਦੇ ਆਧਾਰ ਉੱਤੇ ਸਾਲਾਨਾ ਯੋਜਨਾ

ਗ੍ਰਾਮ ਪੰਚਾਇਤ ਪੱਧਰ ਦੀ ਯੋਜਨਾਬੰਦੀ ਇਕਾਈ ਵੱਲੋਂ ਉਪਰੋਕਤ ਤਰਜੀਹੀਕਰਨ ਦਾ ਨਿਰੀਖਣ ਗ੍ਰਾਮ ਪੰਚਾਇਤ ਇਕਾਈ ਵੱਲੋਂ ਕੀਤਾ ਜਾਵੇਗਾ। ਗ੍ਰਾਮ ਪੰਚਾਇਤ ਵੱਲੋਂ ਯੋਗ ਵਿਚਾਰ-ਵਟਾਂਦਰੇ ਤੋਂ ਬਾਅਦ, ਸਾਰੀਆਂ ਤਜਵੀਜ਼ਾਂ ਅੰਤਿਮ ਪ੍ਰਵਾਨਗੀ ਲਈ ਗ੍ਰਾਮ ਸਭਾ ਸਾਹਮਣੇ ਰੱਖੀਆਂ ਜਾਣਗੀਆਂ।

**ਸੂਚੀ-7 ਪ੍ਰਾਜੈਕਟ ਰੂਪ ਵਿੱਚ ਸਾਲਾਨਾ ਯੋਜਨਾ ਲਈ ਫ਼ਾਰਮੈਟ**

| ਵਿੱਤੀ ਸਾਲ: | | | |
|---|---|---|---|
| ਪ੍ਰਾਜੈਕਟ | ਅੰਦਾਜ਼ਨ ਲਾਗਤ | ਫ਼ੰਡ ਦਾ ਵਸੀਲਾ ਕੇਂਦਰੀ ਵਿੱਤ ਕਮਿਸ਼ਨ/ ਰਾਜ ਵਿੱਤ ਕਮਿਸ਼ਨ/ ਮਗਨਰੇਗਾ/ ੳ.ਐਸ.ਆਰ./ ਲਾਈਨ ਵਿਭਾਗ ਤੋਂ ਫ਼ੰਡਿੰਗ/ਹੋਰ | ਕੰਮ ਕਰਨ ਵਾਲੀ ਏਜੰਸੀ |

ਜੇ ਕਿਸੇ ਪ੍ਰਾਜੈਕਟ ਨੂੰ ਗ੍ਰਾਮ ਪੰਚਾਇਤ ਵੱਲੋਂ ਤਿਆਰ ਕੀਤੀ ਯੋਜਨਾ ਮੁਤਾਬਕ ਲਾਈਨ ਵਿਭਾਗ ਵੱਲੋਂ ਨੇਪਰੇ ਚਾੜ੍ਹਿਆ ਜਾ ਰਿਹਾ ਹੈ, ਤਾਂ ਉਸ ਦਾ ਜ਼ਿਕਰ ਸਾਫ਼ ਰੂਪ ਵਿੱਚ ਕੀਤਾ ਜਾ ਸਕਦਾ ਹੈ। ਜੇ ਕਿਸੇ ਪ੍ਰਾਜੈਕਟ ਨੂੰ ਲਾਈਨ ਵਿਭਾਗ ਅਤੇ ਗ੍ਰਾਮ ਪੰਚਾਇਤ ਦੀ ਸਾਂਝੀ ਸ਼ਮੂਲੀਅਤ ਨਾਲ ਮਿਲੀ-ਜੁਲੀ ਪ੍ਰਕਿਰਿਆ ਤਹਿਤ ਲਾਗੂ ਕੀਤਾ ਜਾਣਾ ਹੈ, ਤਾਂ ਗ੍ਰਾਮ ਪੰਚਾਇਤ ਵਿੱਚ ਲਏ ਗਏ ਪ੍ਰਾਜੈਕਟਸ/ਗਤੀਵਿਧੀਆਂ ਦੀ ਦਰਸਾਈ ਗਈ ਗਤੀਵਿਧੀ ਨਾਲ ਜੁੜੇ ਕੰਮ ਦੇ ਅੰਦਾਜ਼ੇ ਵਿੱਚ ਫ਼ੰਡ ਦੇ ਵਸੀਲਿਆਂ ਸਮੇਤ ਵੰਡ ਕੇ ਕੀਤੇ ਜਾਣ ਵਾਲੇ ਖ਼ਰਚੇ (ਲਾਗਤ) ਅਤੇ ਇਸ ਨੂੰ ਲਾਗੂ ਕੀਤੇ ਜਾਣ ਸਬੰਧੀ ਭੂਮਿਕਾ ਤੇ ਜ਼ਿੰਮੇਵਾਰੀਆਂ ਦਾ ਸਾਫ਼-ਸਪਸ਼ਟ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ।

ਚਾਲੂ ਸਾਲ ਲਈ ਸਾਲਾਨਾ ਯੋਜਨਾ ਨੂੰ ਹੇਠ ਲਿਖਿਆਂ ਦੀ ਸਾਫ਼ ਜਾਣਕਾਰੀ ਦਿੰਦਿਆਂ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ:-

- ਗ੍ਰਾਮ ਪੰਚਾਇਤ ਵੱਲੋਂ ਰਾਜ ਵਿੱਤ ਕਮਿਸ਼ਨ/ਕੇਂਦਰੀ ਵਿੱਤ ਕਮਿਸ਼ਨ ਵਿੱਚੋਂ ਲਾਗੂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਦੇ ਵੇਰਵੇ।
- ਗ੍ਰਾਮ ਪੰਚਾਇਤ ਖੇਤਰ ਵਿੱਚ ਪੰਚਾਇਤ ਸਮਿਤੀ ਅਤੇ ਲਾਈਨ ਵਿਭਾਗਾਂ ਵੱਲੋਂ ਲਾਗੂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਦੇ ਵੇਰਵੇ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ; ਵੱਖ-ਵੱਖ ਲਾਈਨ ਵਿਭਾਗਾਂ ਨੂੰ ਉਨ੍ਹਾਂ ਸਰਗਰਮੀਆਂ ਦੀ ਸ਼ਨਾਖ਼ਤ ਕਰਨ ਦੀ ਬੇਨਤੀ ਕਰੇਗਾ ਜਿਹੜੀਆਂ ਗ੍ਰਾਮ ਪੰਚਾਇਤ ਪੱਧਰ ਉੱਤੇ ਕੀਤੀਆਂ ਜਾਣੀਆਂ ਹਨ। ਡਿਪਟੀ ਕਮਿਸ਼ਨਰ ਜ਼ਿਲ੍ਹਾ ਪੱਧਰ ਦੇ ਲਾਈਨ ਵਿਭਾਗ ਦੇ ਅਧਿਕਾਰੀਆਂ ਨੂੰ ਗ੍ਰਾਮ ਪੰਚਾਇਤ-ਵਾਰ ਅਜਿਹੇ ਪ੍ਰਾਜੈਕਟਸ ਦੀ ਸੂਚੀ ਤਿਆਰ ਕਰਨ ਦੀ ਹਦਾਇਤ ਜਾਰੀ ਕਰਨਗੇ, ਜਿਹੜੇ ਸਬੰਧਤ ਲਾਈਨ ਵਿਭਾਗਾਂ ਵੱਲੋਂ ਜਾਂ ਗ੍ਰਾਮ ਪੰਚਾਇਤਾਂ ਦੀ ਸ਼ਮੂਲੀਅਤ ਨਾਲ ਤਾਲਮੇਲ ਰੂਪ ਤਹਿਤ ਲਾਗੂ ਕੀਤੇ ਜਾਣੇ ਹਨ। ਡਿਪਟੀ ਕਮਿਸ਼ਨਰ ਸਾਰੇ ਲਾਈਨ ਵਿਭਾਗਾਂ ਤੋਂ ਸੂਚੀ ਪ੍ਰਾਪਤ ਕਰੇਗਾ ਅਤੇ ਸਬੰਧਤ ਬੀ.ਡੀ.ਪੀ.ਓਜ਼ ਨੂੰ ਸੂਚਿਤ ਕਰੇਗਾ, ਤਾਂ ਕਿ ਪ੍ਰਾਜੈਕਟਾਂ ਨੂੰ ਪੂਰੇ ਤਾਲਮੇਲ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾ ਸਕੇ।

ਵਿੱਤੀ ਸਾਲ 2016-17 ਤੋਂ ਹਾਲ ਦੀ ਘੜੀ ਲਾਗੂ ਹੋਣ ਵਾਲੇ ਪ੍ਰਾਜੈਕਟਾਂ ਲਈ ਡਿਪਟੀ ਕਮਿਸ਼ਨਰ ਹੇਠ ਲਿਖੇ ਨੂੰ ਯਕੀਨੀ ਬਣਾਵੇਗਾ:-

i. ਉਨ੍ਹਾਂ ਸਾਰੇ ਪ੍ਰਾਜੈਕਟਾਂ ਨੂੰ ਚਾਲੂ ਸਾਲ ਦੇ ਜੂਨ ਮਹੀਨੇ ਤੱਕ ਅੰਤਿਮ ਰੂਪ ਦੇਣਾ, ਜਿਹੜੇ ਗ੍ਰਾਮ ਪੰਚਾਇਤ ਵੱਲੋਂ ਅਗਲੇ ਸਾਲ ਦੀ ਰਾਜ ਵਿੱਤ ਕਮਿਸ਼ਨ/ਕੇਂਦਰੀ ਵਿੱਤ ਕਮਿਸ਼ਨ/ਮਹਾਤਮਾ ਗਾਂਧੀ ਨਰੇਗਾ ਗ੍ਰਾਂਟ ਨਾਲ ਲਾਗੂ ਕੀਤੇ ਜਾਣੇ ਹਨ।

ii. ਇਸੇ ਤਰ੍ਹਾਂ ਪੰਚਾਇਤ ਸਮਿਤੀ ਅਤੇ ਲਾਈਨ ਵਿਭਾਗਾਂ ਵੱਲੋਂ ਗ੍ਰਾਮ ਪੰਚਾਇਤ ਦੇ ਖੇਤਰ ਵਿੱਚ ਲਾਗੂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਨੂੰ, ਚਾਲੂ ਸਾਲ ਦੀ 'ਮਹਾਤਮਾ ਗਾਂਧੀ ਨਰੇਗਾ ਨੂੰ ਜ਼ੋਰਦਾਰ ਲੋਕ ਸ਼ਮੂਲੀਅਤਕਾਰੀ ਯੋਜਨਾਬੰਦੀ ਕਾਰਵਾਈ ਸੇਧ ਮੁਤਾਬਕ ਅਗਸਤ ਤੱਕ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ, ਤਾਂ ਜੋ ਇਹ ਅਗਲੇ ਸਾਲ ਲਾਗੂ ਕੀਤੇ ਜਾਣ ਲਈ ਤਿਆਰ ਹੋਣ।

ਮਗਨਰੇਗਾ (MGNREGA) ਤਹਿਤ 'ਸੰਗਠਤ ਲੋਕ-ਸ਼ਮੂਲੀਅਤ ਯੋਜਨਾਬੰਦੀ ਅਭਿਆਸ' (ਆਈ.ਪੀ.ਪੀ.ਈ.) ਨੂੰ ਵਿੱਤੀ ਸਾਲ 2016-17 ਤੋਂ ਤੇ ਉਸ ਤੋਂ ਬਾਅਦ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਨਾਲ ਜੋੜਿਆ ਜਾਵੇਗਾ। ਆਈ.ਪੀ.ਪੀ.ਈ. ਤੋਂ ਸਾਹਮਣੇ ਆਉਣ ਵਾਲੀਆਂ ਸਥਾਨਕ ਨਿਵਾਸੀਆਂ ਦੀਆਂ ਤਰਜੀਹਾਂ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦਾ ਹਿੱਸਾ ਹੋਣਗੀਆਂ। ਮੌਜੂਦ ਵਸੀਲਿਆਂ ਅਤੇ ਸਥਾਨਕ ਤਰਜੀਹਾਂ ਦੀ ਕਿਸਮ ਦੇ ਆਧਾਰ ਉੱਤੇ ਗ੍ਰਾਮ ਪੰਚਾਇਤ ਇਹ ਫ਼ੈਸਲਾ ਲਵੇਗੀ ਕਿ ਕਿਹੜਾ ਪ੍ਰਾਜੈਕਟ ਮਗਨਰੇਗਾ/ਕੇਂਦਰੀ ਵਿੱਤ ਕਮਿਸ਼ਨ/ਰਾਜ ਵਿੱਤ ਕਮਿਸ਼ਨ ਦੇ ਫ਼ੰਡਾਂ ਰਾਹੀਂ ਨੇਪਰੇ ਚਾੜ੍ਹਿਆ ਜਾਵੇਗਾ ਅਤੇ ਕਿਹੜਾ ਕਿਸੇ ਹੋਰ ਗ੍ਰਾਂਟ ਨਾਲ। ਪ੍ਰਾਜੈਕਟ ਤਜਵੀਜ਼ਾਂ ਤਿਆਰ ਕਰਦੇ ਸਮੇਂ, ਇਸ ਗੱਲ ਦਾ ਖ਼ਾਸ ਖ਼ਿਆਲ ਰੱਖਿਆ ਜਾਣਾ ਹੈ ਕਿ ਇਹ ਪ੍ਰਾਜੈਕਟ ਸਾਰੇ ਪਿੰਡਾਂ ਵਿੱਚ ਇੱਕਸਾਰ ਤਰੀਕੇ ਨਾਲ ਵੰਡੇ ਜਾਣ।

## 5. 3 ਪ੍ਰਾਜੈਕਟ ਦੀ ਨਿਗਰਾਨੀ

ਸਬੰਧਤ ਪੱਧਰ ਉੱਤੇ ਸਥਾਈ ਕਮੇਟੀਆਂ ਅਤੇ ਗ੍ਰਾਮ ਪੰਚਾਇਤ ਯੋਜਨਾਬੰਦੀ ਇਕਾਈ ਵੱਲੋਂ ਹੇਠ ਲਿਖੇ ਉੱਤੇ ਨਜ਼ਰ ਰੱਖੀ ਜਾਵੇਗੀ:-

1. ਕੀ ਪ੍ਰਾਜੈਕਟ ਸਹੀ ਢੰਗ ਨਾਲ ਅੱਗੇ ਵਧ ਰਿਹਾ ਹੈ?
2. ਕੀ ਸਮਾਂ-ਸੂਚੀ ਦਾ ਖ਼ਿਆਲ ਰੱਖਿਆ ਜਾ ਰਿਹਾ ਹੈ?
3. ਕੀ ਖ਼ਰਚੇ ਮੁਤਾਬਕ ਗੁਣਵੱਤਾ/ਮਿਆਰ ਸਹੀ ਹੈ?

ਗ੍ਰਾਮ ਪੰਚਾਇਤ ਪੱਧਰ ਦੀ ਸਥਾਈ ਕਮੇਟੀ ਅਤੇ ਯੋਜਨਾਬੰਦੀ ਇਕਾਈ ਨੂੰ ਗ੍ਰਾਮ ਪੰਚਾਇਤ ਦੀ ਮਾਸਿਕ ਮੀਟਿੰਗ ਵਿੱਚ ਆਪਣੀਆਂ ਲੱਭਤਾਂ ਪੇਸ਼ ਕਰਨੀਆਂ ਹੋਣਗੀਆਂ ਅਤੇ ਸਮਾਜਿਕ ਲੇਖਾ-ਪੜਤਾਲ ਵੀ ਕਰਵਾਉਣੀ ਹੋਵੇਗੀ।

ਪ੍ਰਾਜੈਕਟਾਂ ਦੀ ਮੌਕੇ 'ਤੇ ਨਿਗਰਾਨੀ ਅਤੇ ਘੱਟ ਲਾਗਤ ਯਕੀਨੀ ਬਣਾਉਣ ਤੇ ਪ੍ਰਾਜੈਕਟ ਗੁਣਾਤਮਕ ਤਰੀਕੇ ਨਾਲ ਲਾਗੂ ਕਰਨ ਲਈ ਗ੍ਰਾਮ ਪੰਚਾਇਤ, ਬਲਾਕ, ਜ਼ਿਲ੍ਹਾ ਅਤੇ ਸੂਬਾ ਪੱਧਰ ਉੱਤੇ ਨਿਗਰਾਨ ਕਮੇਟੀਆਂ ਕਾਇਮ ਕੀਤੀਆਂ ਜਾਣਗੀਆਂ। ਨਿਗਰਾਨੀ ਤੇ ਮੁਲੰਕਣ ਕਾਰਵਾਈ ਦੀਆਂ ਰਿਪੋਰਟਾਂ ਦੇ ਆਧਾਰ ਉੱਤੇ ਸੁਧਾਰ ਲਈ ਕਦਮ ਚੁੱਕੇ ਜਾਣਗੇ। ਹੇਠ ਲਿਖੇ ਪੈਮਾਨਿਆਂ ਨੂੰ ਧਿਆਨ ਵਿੱਚ ਰਖਦਿਆਂ ਵਧੀਆ ਕਾਰਗੁਜ਼ਾਰੀ ਵਾਲੀਆਂ ਗ੍ਰਾਮ ਪੰਚਾਇਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ:-

i. ਇੱਕ ਵਿਆਪਕ ਯੋਜਨਾ ਤਿਆਰ ਕਰਨੀ
ii. ਯੋਜਨਾ ਤਿਆਰ ਹੋਣ ਤੋਂ ਬਾਅਦ ਉਸ ਨੂੰ ਲਾਗੂ ਕਰਨਾ
iii. ਬੁਨਿਆਦੀ ਸੇਵਾਵਾਂ ਮੁਹੱਈਆ ਕਰਵਾਉਣਾ
iv. ਬਿਨਾਂ ਖ਼ਰਚ ਦੇ ਵਿਕਾਸ

## 5.4 ਜਨਤਕ ਸੇਵਾਵਾਂ ਦਾ ਮਿਆਰ

ਗ੍ਰਾਮ ਪੰਚਾਇਤ ਆਪਣੇ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਜਨਤਕ ਸੇਵਾਵਾਂ ਦੇ ਡਿਲਿਵਰੀ ਮਿਆਰ ਕਾਇਮ ਕਰਨ ਦੀ ਯੋਜਨਾ ਉਲੀਕੇਗੀ। ਮਿਸਾਲ ਵਜੋਂ, ਜੇ ਨਾਗਰਿਕਾਂ ਨੂੰ ਪਾਈਪ ਰਾਹੀਂ ਪਾਣੀ ਦੀ ਸਪਲਾਈ ਦਿੱਤੀ ਜਾਂਦੀ ਹੈ, ਤਦ ਗ੍ਰਾਮ ਪੰਚਾਇਤ ਪਹਿਲਾਂ-ਪਹਿਲ ਹਰੇਕ ਪਰਿਵਾਰ/ਘਰ ਨੂੰ ਦਿੱਤੀ ਜਾਣ ਵਾਲੀ ਪਾਣੀ ਦੀ ਸਪਲਾਈ ਦੀ ਵੰਡ ਤੇ ਮਿਆਦ ਬਾਰੇ ਫ਼ੈਸਲਾ ਲਵੇਗੀ। ਲੰਮੇ ਸਮੇਂ ਵਿੱਚ, ਗ੍ਰਾਮ ਪੰਚਾਇਤ ਸਥਾਨਕ ਇੱਛਾਵਾਂ ਮੁਤਾਬਕ ਜਨਤਕ ਸੇਵਾ ਦੇ ਇੱਛਤ ਪੱਧਰ ਤੱਕ ਪੁੱਜਣ ਦਾ ਯਤਨ ਕਰ ਸਕਦੀ ਹੈ। ਇਸੇ ਤਰ੍ਹਾਂ ਹੋਰ ਜਨਤਕ ਸੇਵਾਵਾਂ; ਜਿਵੇਂ ਕਿ ਪੌਸ਼ਟਿਕ ਭੋਜਨ, ਪ੍ਰਾਇਮਰੀ/ਮੁੱਢਲੀ ਸਿੱਖਿਆ, ਟੀਕਾਕਰਨ, ਜਨਤਕ ਵੰਡ ਪ੍ਰਣਾਲੀ, ਸਫ਼ਾਈ ਤੇ ਅਰੋਗਤਾ ਆਦਿ ਦਾ ਮਿਆਰ ਤੈਅ ਕੀਤਾ ਜਾਵੇਗਾ, ਤਾਂ ਕਿ ਸਮੇਂ ਦੇ ਨਾਲ ਬੁਨਿਆਦੀ ਪੱਧਰ ਦੀਆਂ ਜਨਤਕ ਸੇਵਾਵਾਂ ਤੋਂ ਇੱਛਤ ਪੱਧਰ ਦੀਆਂ ਸੇਵਾਵਾਂ ਦਿੱਤੀਆਂ ਜਾ ਸਕਣ।

# ਅਧਿਆਇ – 6

## ਤਕਨੀਕੀ ਤੇ ਪ੍ਰਸ਼ਾਸਕੀ ਮਨਜ਼ੂਰੀ

### 6. 1 ਤਕਨੀਕੀ ਮਨਜ਼ੂਰੀ

ਜੇ ਪ੍ਰਾਜੈਕਟ ਗ੍ਰਾਮ ਪੰਚਾਇਤ ਰਾਹੀਂ ਲਾਗੂ ਕੀਤੇ ਜਾਂਦੇ ਹਨ, ਤਾਂ ਚੁਣੇ ਗਏ ਪ੍ਰਾਜੈਕਟਾਂ ਦੀ ਤਕਨੀਕੀ ਮਨਜ਼ੂਰੀ ਇਨ੍ਹਾਂ ਢੁਕਵੇਂ ਤਕਨੀਕੀ ਅਧਿਕਾਰੀਆਂ ਵੱਲੋਂ ਦਿੱਤੀ ਜਾਵੇਗੀ:–

| | | |
|---|---|---|
| ਜੂਨੀਅਰ ਇੰਜੀਨੀਅਰ | - | 1 ਲੱਖ |
| ਸਹਾਇਕ ਇੰਜੀਨੀਅਰ | - | 2 ਲੱਖ |
| ਐਸ.ਡੀ.ਓ. | - | 10 ਲੱਖ |
| ਕਾਰਜਕਾਰੀ ਇੰਜੀਨੀਅਰ | - | 20 ਲੱਖ |
| ਐਸ.ਈ. | - | 40 ਲੱਖ |
| ਤਕਨੀਕੀ ਕਮੇਟੀ | - | 40 ਲੱਖ ਤੋਂ ਉਪਰ |

ਜੇ ਪ੍ਰਾਜੈਕਟ ਲਾਈਨ ਵਿਭਾਗ ਨਾਲ ਸਬੰਧਤ ਹੋਣ, ਤਾਂ ਮਨਜ਼ੂਰੀ ਉਨ੍ਹਾਂ ਦੇ ਚੱਲਦੇ ਨਿਯਮਾਂ ਮੁਤਾਬਕ ਸਬੰਧਤ ਪ੍ਰਸ਼ਾਸਕੀ ਵਿਭਾਗ ਵੱਲੋਂ ਦਿੱਤੀ ਜਾਵੇਗੀ।

### 6. 2 ਪ੍ਰਸ਼ਾਸਕੀ ਮਨਜ਼ੂਰੀ

ਤਕਨੀਕੀ ਮਨਜ਼ੂਰੀ ਲੈਣ ਤੋਂ ਬਾਅਦ, ਸਬੰਧਤ ਪ੍ਰਾਜੈਕਟ ਲਈ ਮਨਜ਼ੂਰ ਹੋਏ ਫ਼ੰਡ ਦੇ ਆਧਾਰ ਉੱਤੇ ਗ੍ਰਾਮ ਪੰਚਾਇਤ ਵੱਲੋਂ ਪ੍ਰਸ਼ਾਸਕੀ ਮਨਜ਼ੂਰੀ ਦਿੱਤੀ ਜਾਵੇਗੀ।

ਗ੍ਰਾਮ ਪੰਚਾਇਤ ਵੱਲੋਂ ਕੀਤੇ ਜਾਣ ਵਾਲੇ ਸਾਰੇ ਕਿਸਮਾਂ ਦੇ ਕੰਮਾਂ ਦੀ ਯੋਜਨਾ ਤਿਆਰ ਕਰਨ ਨਾਲ ਸਬੰਧਤ ਪ੍ਰਕਿਰਿਆ ਅਤੇ ਪ੍ਰਸ਼ਾਸਕੀ ਮਨਜ਼ੂਰੀ ਮੁਤਾਬਕ ਅਨੁਮਾਨ, ਮਾਪ ਦਰਜ ਕਰਨ ਤੇ ਮਾਪ ਦੀ ਜਾਂਚ ਦੀਆਂ ਕਾਰਵਾਈਆਂ ਪੰਜਾਬ ਪੰਚਾਇਤੀ ਨਿਯਮਾਂ ਮੁਤਾਬਕ ਹੋਣੀਆਂ ਚਾਹੀਦੀਆਂ ਹਨ, ਜਿਹੜੇ ਗ੍ਰਾਮ ਪੰਚਾਇਤ ਵੱਲੋਂ ਕੀਤੇ ਜਾਂਦੇ ਹਨ। ਜਦੋਂਕਿ ਲਾਈਨ ਵਿਭਾਗਾਂ ਵੱਲੋਂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਦੀ ਪ੍ਰਸ਼ਾਸਕੀ ਮਨਜ਼ੂਰੀ ਸਬੰਧਤ ਵਿਭਾਗਾਂ ਵੱਲੋਂ ਆਪਣੇ ਚੱਲਦੇ ਨਿਯਮਾਂ ਮੁਤਾਬਕ ਦਿੱਤੀ ਜਾਵੇਗੀ।

# ਅਧਿਆਇ – 7

## ਸੰਸਥਾਗਤ ਸਹਾਇਤਾ ਅਤੇ ਯੋਜਨਾ ਤੋਂ ਬਾਅਦ ਦਾ ਇੰਤਜ਼ਾਮ

### 7.1 ਉੱਚ-ਪੱਧਰੀ ਨਿਗਰਾਨ ਕਮੇਟੀ

ਸੂਬਾ ਪੱਧਰ ਉੱਤੇ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਨਿਗਰਾਨ ਕਮੇਟੀ ਕਾਇਮ ਕੀਤੀ ਜਾਵੇਗੀ, ਜਿਸ ਵਿੱਚ ਹੇਠ ਲਿਖੇ ਮੈਂਬਰ ਹੋਣਗੇ:-

| | |
|---|---|
| • ਮੁੱਖ ਸਕੱਤਰ | ਚੇਅਰਪਰਸਨ |
| • ਪ੍ਰਮੁੱਖ ਸਕੱਤਰ, ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ | ਮੈਂਬਰ ਕਨਵੀਨਰ |
| • ਪ੍ਰਮੁੱਖ ਸਕੱਤਰ, ਵਿੱਤ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਖੇਤੀਬਾੜੀ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਯੋਜਨਾ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਪਸ਼ੂ-ਪਾਲਣ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਮੱਛੀ-ਪਾਲਣ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਵਣ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਉਦਯੋਗ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਲੋਕ ਸੰਪਰਕ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ | ਮੈਂਬਰ |
| • ਪ੍ਰਮੁੱਖ ਸਕੱਤਰ, ਸਿੰਜਾਈ ਵਿਭਾਗ | ਮੈਂਬਰ |
| • ਪ੍ਰਮੁੱਖ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ | ਮੈਂਬਰ |

ਇਹ ਕਮੇਟੀ ਹਰੇਕ ਤਿਮਾਹੀ ਮੀਟਿੰਗ ਕਰ ਕੇ ਯੋਜਨਾਬੰਦੀ ਪ੍ਰਕਿਰਿਆ ਦਾ ਜਾਇਜ਼ਾ ਲਵੇਗੀ ਅਤੇ ਯੋਜਨਾ ਦੀ ਤਿਆਰੀ ਅਤੇ ਯੋਜਨਾ ਤਿਆਰ ਹੋਣ ਤੋਂ ਬਾਅਦ ਦੇ ਇੰਤਜ਼ਾਮ ਦੌਰਾਨ ਇਸ ਦੀ ਤਬਦੀਲੀ, ਅੰਤਰ-ਵਿਭਾਗੀ ਤਾਲਮੇਲ ਨਾਲ ਸਬੰਧਤ ਮੁੱਦੇ ਵੇਖੇਗੀ। ਜੇ ਕਿਸੇ ਸੰਗਠਤ ਯੋਜਨਾਬੰਦੀ ਅਭਿਆਸ ਲਈ ਕੋਈ ਅੜਿੱਕੇ ਮਹਿਸੂਸ ਕੀਤੇ ਜਾ ਰਹੇ ਹੋਣ, ਤਾਂ ਐਚ.ਐਲ.ਐਮ.ਸੀ. ਵੱਲੋਂ ਸਬੰਧਤ ਵਿਭਾਗਾਂ ਨੂੰ ਖੱਪੇ ਪੂਰਨ ਬਾਰੇ ਸਲਾਹ ਦਿੱਤੀ ਜਾ ਸਕਦੀ ਹੈ।

### 7.2 ਸੂਬਾ ਪੱਧਰੀ ਕਮੇਟੀ

**ਅਧਿਕਾਰ-ਪ੍ਰਾਪਤ ਕਮੇਟੀ ਦਾ ਗਠਨ ਐਸ.ਆਰ.ਡੀ.ਪੀ. ਦੀ ਪ੍ਰਧਾਨਗੀ ਹੇਠ ਕੀਤਾ ਜਾਵੇਗਾ:-**

| | |
|---|---|
| • ਐਸ.ਆਰ.ਡੀ.ਪੀ. | ਚੇਅਰਪਰਸਨ |
| • ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ | ਨੋਡਲ ਅਧਿਕਾਰੀ |
| • ਸੰਯੁਕਤ ਵਿਕਾਸ ਕਮਿਸ਼ਨਰ | ਮੈਂਬਰ |
| • ਡਾਇਰੈਕਟਰ, ਖ਼ਜ਼ਾਨਾ ਤੇ ਲੇਖਾ ਵਿਭਾਗ | ਮੈਂਬਰ |
| • ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਵਿਭਾਗ | ਮੈਂਬਰ |
| • ਡਾਇਰੈਕਟਰ, ਯੋਜਨਾ ਵਿਭਾਗ | ਮੈਂਬਰ |
| • ਆਰਥਿਕ ਤੇ ਅੰਕੜਾ ਸਲਾਹਕਾਰ | ਮੈਂਬਰ |
| • ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ | ਮੈਂਬਰ |
| • ਡਾਇਰੈਕਟਰ, ਸਮਾਜਿਕ ਸੁਰੱਖਿਆ ਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ | ਮੈਂਬਰ |
| • ਡਾਇਰੈਕਟਰ, ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ | ਮੈਂਬਰ |

- ਚੀਫ ਇੰਜੀਨੀਅਰ, ਸਿੰਜਾਈ ਵਿਭਾਗ — ਮੈਂਬਰ
- ਡਾਇਰੈਕਟਰ, ਖੇਤੀਬਾੜੀ — ਮੈਂਬਰ
- ਪ੍ਰਿੰਸੀਪਲ ਮੁੱਖ ਵਣਪਾਲ — ਮੈਂਬਰ
- ਮੁੱਖ ਭੂਮੀ ਪਾਲ — ਮੈਂਬਰ
- ਡਾਇਰੈਕਟਰ ਖੇਤੀਬਾੜੀ ਵਿਭਾਗ — ਮੈਂਬਰ
- ਡਾਇਰੈਕਟਰ, ਬਾਗਬਾਨੀ ਵਿਭਾਗ — ਮੈਂਬਰ
- ਡਾਇਰੈਕਟਰ, ਮੱਛੀ-ਪਾਲਣ ਵਿਭਾਗ — ਮੈਂਬਰ
- ਚੀਫ ਇੰਜੀਨੀਅਰ, ਜਲ ਪੂਰਤੀ ਅਤੇ ਸੈਨੀਟੇਸ਼ਨ — ਮੈਂਬਰ
- ਡਾਇਰੈਕਟਰ, ਲੋਕ ਸੰਪਰਕ ਵਿਭਾਗ — ਮੈਂਬਰ
- ਸੰਯੁਕਤ ਡਾਇਰੈਕਟਰ ਪੇਂਡੂ ਵਿਕਾਸ — ਮੈਂਬਰ
- ਡਿਪਟੀ ਡਾਇਰੈਕਟਰ (ਈ-ਪੰਚਾਇਤ) ਤੇ (ਰਾਜ ਨੋਡਲ ਅਧਿਕਾਰੀ ਐਨ.ਆਰ.ਐਲ.ਐਮ., ਮਗਨਰੇਗਾ) — ਮੈਂਬਰ
- ਰਾਜ ਟਰੇਨਿੰਗ ਕੋਆਰਡੀਨੇਟਰ (ਸਟੇਟ ਇੰਸਟੀਚਿਊਟ ਆਫ ਰੂਰਲ ਡਿਵੈਲਪਮੈਂਟ ਐਂਡ ਪੰਚਾਇਤੀ ਰਾਜ) — ਮੈਂਬਰ

ਸੂਬਾ ਪੱਧਰੀ ਕਮੇਟੀ ਨੂੰ ਇਸ ਵਿੱਚ ਮਾਹਿਰਾਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸੱਦਣ ਦਾ ਅਖ਼ਤਿਆਰ ਹੋਵੇਗਾ। ਕਮੇਟੀ ਤਿੰਨ ਮਹੀਨਿਆਂ ਵਿੱਚ ਇੱਕ ਵਾਰ ਮੀਟਿੰਗ ਕਰ ਕੇ ਪ੍ਰੋਗਰਾਮ ਲਾਗੂ ਕਰਨ ਸਬੰਧੀ ਪ੍ਰਗਤੀ ਅਤੇ ਇਸ ਦੇ ਰਾਹ ਵਿੱਚ ਆਉਣ ਵਾਲੇ ਹੋਰ ਅੜਿੱਕਿਆਂ ਦਾ ਜਾਇਜ਼ਾ ਲਵੇਗੀ। ਕਮੇਟੀ ਦੀ ਰਾਇ ਤੇ ਸੁਝਾਵਾਂ ਦੇ ਆਧਾਰ ਉੱਤੇ ਸੂਬਾ ਸਰਕਾਰ ਵੱਲੋਂ ਸਾਰੇ ਜ਼ਿਲ੍ਹਿਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

## 7. 3 ਸੂਬਾ ਪੱਧਰੀ ਵਸੀਲਾ ਸਮੂਹ

ਸੂਬਾ ਪੱਧਰੀ ਵਸੀਲਾ ਸਮੂਹ ਦਾ ਗਠਨ ਕੀਤਾ ਜਾਵੇਗਾ, ਜਿਸ ਵਿੱਚ ਹੇਠ ਲਿਖੇ ਮੈਂਬਰ ਹੋਣਗੇ:-

1. ਪੀ.ਆਰ. ਅਤੇ ਆਰ.ਡੀ. ਵਿਭਾਗ (ਮਗਨਰੇਗਾ/ਐਨ.ਆਰ.ਐਲ.ਐਮ./ਆਈ.ਏ.ਵਾਈ.) ਦੇ ਸੀਨੀਅਰ ਅਧਿਕਾਰੀ
2. ਬਾਗ਼ਬਾਨੀ/ਭੌਂ ਸੁਰੱਖਿਆ/ਖੇਤੀਬਾੜੀ/ਆਰ.ਡਬਲਿਊ.ਐਸ.ਐਸ. ਦੇ ਸੀਨੀਅਰ ਅਧਿਕਾਰੀ
3. ਐਸ.ਆਈ.ਆਰ.ਡੀ. (ਕਨਵੀਨਰ) ਦੇ ਅਧਿਆਪਕ
4. ਸਮਾਜ ਦਾ ਮੋਹਰੀ ਨੁਮਾਇੰਦਾ
5. ਲੋਕ ਸੇਵਾ ਵਿੱਚ ਯੋਗਦਾਨ ਪਾਉਣ ਵਾਲੇ ਵਿਅਕਤੀ

ਸੂਬਾਈ ਵਸੀਲਾ ਸਮੂਹ ਜ਼ਿਲ੍ਹਾ ਅਤੇ ਖੇਤਰੀ ਪੱਧਰ ਦੀ ਸਮਰੱਥਾ ਨਿਰਮਾਣ ਜ਼ਰੂਰਤ ਦੀ ਸਮੀਖਿਆ ਕਰਨ ਲਈ ਦੋ ਮਹੀਨਿਆਂ ਬਾਅਦ ਮੀਟਿੰਗ ਕਰੇਗਾ। ਉਹ ਸੂਬੇ ਵਿੱਚ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦੀ ਤਿਆਰੀ ਨਾਲ ਸਬੰਧਤ ਸਮੇਂ-ਸਮੇਂ 'ਤੇ ਸਮਰੱਥਾ ਨਿਰਮਾਣ ਦੇ ਸੁਧਾਰ ਲਈ ਕਦਮ ਸੁਝਾਉਣਗੇ। ਟੀਮ ਦੇ ਮੈਂਬਰਾਂ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਮਾਣ-ਭੱਤਾ, ਖਾਣ ਦਾ ਅਤੇ ਆਉਣ-ਜਾਣ ਦਾ ਖ਼ਰਚਾ ਦਿੱਤਾ ਜਾਵੇਗਾ।

## 7. 4 ਜ਼ਿਲ੍ਹਾ ਪੱਧਰੀ ਸਟੀਅਰਿੰਗ ਕਮੇਟੀ-ਕਮ- ਵਸੀਲਾ ਸਮੂਹ

ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਸਟੀਅਰਿੰਗ ਕਮੇਟੀ-ਕਮ-ਵਸੀਲਾ ਸਮੂਹ ਦਾ ਗਠਨ ਕੀਤਾ ਜਾਵੇਗਾ, ਜਿਸ ਦੇ ਹੇਠ ਲਿਖੇ ਮੈਂਬਰ ਹੋਣਗੇ:-

- ਡਿਪਟੀ ਕਮਿਸ਼ਨਰ — ਚੇਅਰਪਰਸਨ
- ਏ.ਡੀ.ਸੀ. (ਵਿਕਾਸ) — ਮੈਂਬਰ
- ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ — ਮੈਂਬਰ ਕਨਵੀਨਰ
- ਉਪ-ਮੁੱਖ ਕਾਰਜਕਾਰੀ ਅਧਿਕਾਰੀ (ਜ਼ਿਲ੍ਹਾ ਪ੍ਰੀਸ਼ਦ) — ਮੈਂਬਰ
- ਸਾਰੇ ਲਾਈਨ ਵਿਭਾਗਾਂ ਦੇ ਜ਼ਿਲ੍ਹਾ ਪੱਧਰੀ ਅਧਿਕਾਰੀ — ਮੈਂਬਰ
- ਕਾਰਜਕਾਰੀ ਇੰਜੀਨੀਅਰ, ਪੀ.ਆਰ. — ਮੈਂਬਰ
- ਗ਼ੈਰ-ਸਰਕਾਰੀ ਜੱਥੇਬੰਦੀਆਂ/ਅਜਿਹੇ ਸੇਵਾ-ਮੁਕਤ ਸਰਕਾਰੀ ਅਧਿਕਾਰੀਆਂ, ਜਿਨ੍ਹਾਂ ਨੂੰ ਪਾਣੀ ਤੇ ਸੈਨੀਟੇਸ਼ਨ/ਸਵੱਛਤਾ, ਸ਼ਾਸਨ/ ਅਕਾਦਮਿਕਸ ਦਾ ਤਜਰਬਾ

ਹੋਵੇ/ਪੰਚਾਇਤੀ ਰਾਜ ਅਦਾਰਿਆਂ ਦੇ ਸਾਬਕਾ ਮੈਂਬਰਾਂ 'ਚੋਂ 5 ਮਾਹਿਰ ਮੈਂਬਰ

- ਜ਼ਿਲ੍ਹਾ ਪ੍ਰੋਗਰਾਮ ਮੈਨੇਜਰ, ਪੰਜਾਬ ਰੋਜ਼ਗਾਰ ਮਿਸ਼ਨ ਮੈਂਬਰ
- ਜ਼ਿਲ੍ਹਾ ਕੋ-ਆਰਡੀਨੇਟਰ, ਮਗਨਰੇਗਾ ਮੈਂਬਰ
- ਜ਼ਿਲ੍ਹਾ ਪ੍ਰੋਗਰਾਮ ਮੈਨੇਜਰ, (ਆਈ.ਟੀ.) ਆਦਿ ਮੈਂਬਰ

ਇਹ ਕਮੇਟੀ ਇੱਕ ਮਹੀਨੇ ਵਿੱਚ ਇੱਕ ਵਾਰ ਪ੍ਰੋਗਰਾਮ ਲਾਗੂ ਕਰਨ ਸਬੰਧੀ ਪ੍ਰਗਤੀ ਅਤੇ ਇਸ ਦੇ ਰਾਹ ਵਿੱਚ ਆਉਣ ਵਾਲੇ ਹੋਰ ਅੜਿੱਕਿਆਂ ਦਾ ਜਾਇਜ਼ਾ ਲਵੇਗੀ। ਸਾਰੇ ਜ਼ਿਲ੍ਹਿਆਂ ਤੋਂ ਆਪੋ-ਆਪਣੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਸਬੰਧਤਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਮਾਸਿਕ ਮੀਟਿੰਗ ਦੀਆਂ ਕਾਰਵਾਈਆਂ ਬਾਰੇ ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਬਾਰੇ ਡਾਇਰੈਕਟਰ ਨੂੰ ਜਾਣਕਾਰੀ ਤੇ ਅਗਲੇਰੀ ਕਾਰਵਾਈ ਲਈ ਸੂਚਿਤ ਕੀਤਾ ਜਾਵੇਗਾ।

## 7.5 ਬਲਾਕ ਪੱਧਰੀ ਤਾਲਮੇਲ ਕਮੇਟੀ-ਕਮ-ਸਰੋਤ ਸਮੂਹ

ਬਲਾਕ ਪੱਧਰ ਦੀ ਸਟੀਅਰਿੰਗ ਕਮੇਟੀ-ਕਮ-ਸਰੋਤ ਸਮੂਹ ਪੰਚਾਇਤ ਸਮਿਤੀ ਦੇ ਚੇਅਰਪਰਸਨ ਦੀ ਪ੍ਰਧਾਨਗੀ ਹੇਠ ਕਾਇਮ ਕੀਤੀ ਜਾਵੇਗੀ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਣਗੇ:-

1. ਬੀ.ਡੀ.ਪੀ.ਓ. ਮੈਂਬਰ ਕਨਵੀਨਰ
2. ਬਾਲ ਵਿਕਾਸ ਪ੍ਰਾਜੈਕਟ ਅਧਿਕਾਰੀ ਮੈਂਬਰ
3. ਜੂਨੀਅਰ ਇੰਜੀਨੀਅਰ, ਪੀ.ਆਰ. ਮੈਂਬਰ
4. ਜੂਨੀਅਰ ਇੰਜੀਨੀਅਰ, ਆਰ.ਡਬਲਿਊ.ਐਸ.ਐਸ. ਮੈਂਬਰ
5. ਏ.ਪੀ.ਓ., ਮਗਨਰੇਗਾ ਮੈਂਬਰ
6. ਬਲਾਕ ਪੱਧਰ 'ਤੇ ਲਾਈਨ ਵਿਭਾਗ ਦੇ ਹੋਰ ਅਧਿਕਾਰੀ ਮੈਂਬਰ

ਕਮੇਟੀ ਜੇ ਮਹਿਸੂਸ ਕਰੇ, ਤਾਂ ਹੋਰ ਕੋਈ ਵੀ ਮੈਂਬਰ ਵਿਸ਼ੇਸ਼ ਸੱਦੇ ਉੱਤੇ ਮੀਟਿੰਗ ਵਿੱਚ ਸ਼ਾਮਲ ਕਰ ਸਕਦੀ ਹੈ। ਬਲਾਕ ਪੱਧਰ ਦੀ ਕਮੇਟੀ, ਪਿੰਡ ਵਿਕਾਸ ਯੋਜਨਾ ਤਿਆਰ ਕਰਨ ਵਿੱਚ ਸਮੂਹ-ਵਾਰ ਸਾਰੀਆਂ ਗ੍ਰਾਮ ਪੰਚਾਇਤਾਂ ਦੀ ਅਗਵਾਈ ਕਰੇਗੀ। ਇਸ ਕਮੇਟੀ ਵੱਲੋਂ ਗ੍ਰਾਮ ਪੰਚਾਇਤਾਂ ਦੇ ਇੱਕ ਸਮੂਹ ਲਈ ਲਾਈਨ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ, ਭਾਰਤ ਨਿਰਮਾਣ ਵਲੰਟੀਅਰਾਂ, ਸੇਵਾ-ਮੁਕਤ ਸਰਕਾਰੀ ਸੇਵਕਾਂ ਤੇ ਸਿਵਲ ਸੁਸਾਇਟੀਆਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

ਇਹ ਕਮੇਟੀ-ਕਮ-ਸਰੋਤ ਸਮੂਹ ਇੱਕ ਮਹੀਨੇ ਵਿੱਚ ਦੋ ਵਾਰ ਪ੍ਰੋਗਰਾਮ ਲਾਗੂ ਕਰਨ ਸਬੰਧੀ ਪ੍ਰਗਤੀ ਅਤੇ ਇਸ ਦੇ ਰਾਹ ਵਿੱਚ ਆਉਣ ਵਾਲੇ ਹੋਰ ਅੜਿੱਕਿਆਂ ਦਾ ਜਾਇਜ਼ਾ ਲਵੇਗੀ। ਕਮੇਟੀ ਦੀ ਰਾਇ ਅਤੇ ਸੁਝਾਵਾਂ ਦੇ ਆਧਾਰ ਉੱਤੇ, ਗ੍ਰਾਮ ਪੰਚਾਇਤ ਪੱਧਰ 'ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰੋਗਰਾਮ ਲਾਗੂ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ। ਮੀਟਿੰਗ ਦੀਆਂ ਕਾਰਵਾਈਆਂ ਬਾਰੇ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਡਿਪਟੀ ਕਮਿਸ਼ਨਰ ਨੂੰ ਸੂਚਿਤ ਕੀਤਾ ਜਾਵੇਗਾ।

## 7.6 ਐਮ.ਆਈ.ਐਸ.

ਗ੍ਰਾਮ ਪੰਚਾਇਤ ਦੀ ਯੋਜਨਾਬੰਦੀ ਲਈ 'ਪਲੈਨ ਪਲੱਸ' ਦੀ ਵਰਤੋਂ ਕੀਤੀ ਜਾਵੇਗੀ। ਗ੍ਰਾਮ ਪੰਚਾਇਤ ਦੀ ਤਰਜੀਹ, ਵਸੀਲਿਆਂ ਦੇ ਘੇਰੇ, ਪ੍ਰਾਜੈਕਟਾਂ ਦੇ ਅਨੁਮਾਨ ਆਦਿ ਬਾਰੇ ਸਾਰੇ ਅੰਕੜੇ ਸਾਫ਼ਟਵੇਅਰ ਵਿੱਚ ਦਰਜ ਕੀਤੇ ਜਾਣਗੇ, ਤਾਂ ਜੋ ਉਨ੍ਹਾਂ ਉੱਤੇ ਨਿਗਰਾਨੀ ਰੱਖੀ ਜਾ ਸਕੇ ਅਤੇ ਠੀਕ ਕਰਨ ਲਈ ਕਦਮ ਚੁੱਕੇ ਜਾ ਸਕਣ।

## 7.7 ਫ਼ੰਡ ਜਾਰੀ ਕਰਨਾ:-

ਰਾਜ ਵਿੱਤ ਕਮਿਸ਼ਨ/ਕੇਂਦਰੀ ਵਿੱਤ ਕਮਿਸ਼ਨ ਵੱਲੋਂ ਤੈਅ ਸੇਧਾਂ/ਦਿਸ਼ਾ-ਨਿਰਦੇਸ਼ਾਂ ਮੁਤਾਬਕ ਪੰਜਾਬ ਸਰਕਾਰ ਫ਼ੰਡ ਸਿੱਧੇ ਗ੍ਰਾਮ ਪੰਚਾਇਤਾਂ ਨੂੰ ਜਾਰੀ ਕਰੇਗੀ।

# ਅਧਿਆਇ – 8

## ਲੋਕ ਸ਼ਮੂਲੀਅਤ ਯੋਜਨਾਬੰਦੀ ਲਈ ਪ੍ਰਬੰਧਕੀ ਸਹਾਇਤਾ ਤੇ ਸਮਰੱਥਾ ਉਸਾਰੀ

### 8.1 ਸੂਬਾ ਪੱਧਰ

ਸਮੁੱਚੇ ਸੂਬੇ ਵਿੱਚ ਲੋਕ ਸ਼ਮੂਲੀਅਤ ਯੋਜਨਾਬੰਦੀ ਦੀ ਪ੍ਰਕਿਰਿਆ ਨੂੰ ਅੰਜਾਮ ਦੇਣ ਲਈ ਸਮਰੱਥਾ ਨਿਰਮਾਣ ਵਾਸਤੇ ਸੂਬਾ ਪੱਧਰ ਉੱਤੇ ਐਸ.ਆਈ.ਆਰ.ਡੀ. ਤੇ ਪੀ.ਆਰ. ਨੋਡਲ ਅਦਾਰਾ ਹੋਵੇਗਾ। ਸਮਰੱਥਾ ਨਿਰਮਾਣ ਵਿੱਚ ਹੇਠ ਲਿਖੇ ਪੱਖ/ਤੱਤ ਸ਼ਾਮਲ ਹਨ:-

ੳ. ਸੂਬਾ, ਜ਼ਿਲ੍ਹਾ ਤੇ ਬਲਾਕ ਪੱਧਰ ਉੱਤੇ ਸਿਖਲਾਈ

ਅ. ਆਈ.ਈ.ਸੀ. ਵਿਧੀ ਰਾਹੀਂ ਮਾਹੌਲ ਉਸਾਰੀ

### 8.1.1 ਸੂਬਾ ਪੱਧਰ ਉੱਤੇ ਸਿਖਲਾਈ ਤੇ ਪ੍ਰਬੰਧਕੀ ਸਹਾਇਤਾ

ਜ਼ਿਲ੍ਹਾ ਪੱਧਰੀ ਅਧਿਕਾਰੀ/ਕਰਮਚਾਰੀ, ਜੋ ਯੋਜਨਾਬੰਦੀ ਦੀ ਪ੍ਰਕਿਰਿਆ ਨੂੰ ਅੰਜਾਮ ਦੇਣ ਲਈ ਅਹਿਮ ਭੂਮਿਕਾ ਨਿਭਾਉਣਗੇ, ਲਈ ਸੂਬਾ ਪੱਧਰੀ ਹਾਲਤ ਵਾਕਫੀਅਤ ਪ੍ਰੋਗਰਾਮ ਕੀਤੇ ਜਾਣਗੇ। ਐਸ.ਆਈ.ਆਰ.ਡੀ. ਤੇ ਪੀ.ਆਰ. ਸਿਖਲਾਈ ਮਾਡਿਊਲ, ਵਸੀਲਾ ਸਮੱਗਰੀਆਂ ਤਿਆਰ ਕਰੇਗਾ ਅਤੇ ਇੱਕ ਵਸੀਲਾ ਪੂਲ ਸਿਰਜੇਗਾ, ਜਿਸ ਵਿੱਚ ਪੀ.ਆਰ. ਵਿਭਾਗ ਦੇ ਸੀਨੀਅਰ ਅਧਿਕਾਰੀ, ਐਸ.ਆਈ.ਆਰ.ਡੀ. ਤੇ ਪੀ.ਆਰ. ਅਧਿਆਪਕ ਵਰਗ ਅਤੇ ਉੱਘੇ ਮਾਹਿਰ ਸ਼ਾਮਲ ਹੋਣਗੇ। ਜ਼ਿਲ੍ਹੇ ਦੀਆਂ ਸਰਗਰਮੀਆਂ ਉਲੀਕਣ ਲਈ ਸਮਰੱਥਾ ਉਸਾਰੀ ਪ੍ਰੋਗਰਾਮ ਵਾਸਤੇ ਸਿਖਲਾਈ ਕੈਲੰਡਰ ਤਿਆਰ ਕੀਤਾ ਜਾਵੇਗਾ। ਹਰੇਕ ਪੱਧਰ ਲਈ ਬਜਟ ਬਾਰੇ ਫ਼ੈਸਲਾ ਐਸ.ਆਈ.ਆਰ.ਡੀ. ਤੇ ਪੀ.ਆਰ. ਵੱਲੋਂ ਲਿਆ ਜਾਵੇਗਾ ਤੇ ਉਹ ਸਿਖਲਾਈ ਪ੍ਰੋਗਰਾਮ ਲਈ ਜ਼ਿਲ੍ਹਿਆਂ ਵਾਸਤੇ ਫ਼ੰਡ ਰੱਖੇਗਾ।

ਗ੍ਰਾਮ ਪੰਚਾਇਤ ਯੋਜਨਾਬੰਦੀ ਦੀਆਂ ਸੇਧਾਂ/ਦਿਸ਼ਾਂ-ਨਿਰਦੇਸ਼ ਤਿਆਰ ਕਰਨ ਅਤੇ ਫਿਰ ਜ਼ਿਲ੍ਹਾ ਪੱਧਰ ਦੇ ਪ੍ਰਮੁੱਖ ਅਧਿਕਾਰੀਆਂ/ਕਰਮਚਾਰੀਆਂ ਦੀ ਸਮਰੱਥਾ ਉਸਾਰੀ ਲਈ ਸੂਬਾ ਪੱਧਰ ਉੱਤੇ ਸਲਾਹ-ਮਸ਼ਵਰੇ ਲਈ ਇੱਕ ਵਰਕਸ਼ਾਪ ਦਾ ਪ੍ਰਬੰਧ ਕੀਤਾ ਜਾਵੇਗਾ।

### 8.2. ਜ਼ਿਲ੍ਹਾ ਪੱਧਰੀ ਸਿਖਲਾਈ: (ਐਸ.ਆਈ.ਆਰ.ਡੀ. ਤੇ ਪੀ.ਆਰ. ਦੇ ਸਰੋਤ ਵਿਅਕਤੀਆਂ ਤੇ ਅਧਿਕਾਰੀਆਂ ਵੱਲੋਂ)

ਜ਼ਿਲ੍ਹੇ ਹੇਠ ਲਿਖੇ ਵਰਗਾਂ ਲਈ ਸਿਖਲਾਈ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਗੇ।

ੳ. ਜ਼ਿਲ੍ਹਾ ਪੱਧਰੀ ਸਟੀਅਰਿੰਗ ਕਮੇਟੀ ਦੇ ਮੈਂਬਰਾਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ

ਅ. ਬਲਾਕ ਪੱਧਰੀ ਸਟੀਅਰਿੰਗ ਕਮੇਟੀ ਮੈਂਬਰਾਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ

ੲ. ਲਾਈਨ ਵਿਭਾਗ ਦੇ ਅਧਿਕਾਰੀਆਂ, ਗ਼ੈਰ-ਸਰਕਾਰੀ ਜੱਥੇਬੰਦੀਆਂ ਦੇ ਮਾਹਿਰਾਂ ਤੇ ਹੋਰਾਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ

ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ ਤੋਂ ਬਾਅਦ ਇੱਕ ਮਹੀਨੇ ਅੰਦਰ ਜ਼ਿਲ੍ਹਾ ਪੱਧਰੀ ਸਿਖਲਾਈ ਮੁਕੰਮਲ ਕੀਤੀ ਜਾਵੇਗੀ।

### 8.3. ਬਲਾਕ ਪੱਧਰੀ ਸਿਖਲਾਈ: (ਐਸ.ਆਈ.ਆਰ.ਡੀ. ਤੇ ਪੀ.ਆਰ. ਦੇ ਸਰੋਤ ਵਿਅਕਤੀਆਂ ਤੇ ਅਧਿਕਾਰੀਆਂ ਵੱਲੋਂ)

ਬਲਾਕ ਹੇਠ ਲਿਖੇ ਵਰਗਾਂ ਲਈ ਸਿਖਲਾਈ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਗੇ।

ੳ. ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਮੈਂਬਰਾਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ

ਅ. ਸਰਪੰਚਾਂ ਤੇ ਲਾਈਨ ਵਿਭਾਗਾਂ ਦੇ ਅਧਿਕਾਰੀਆਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ

## 8. 4. ਗ੍ਰਾਮ ਪੰਚਾਇਤ ਪੱਧਰੀ ਸਿਖਲਾਈ: (ਐਸ.ਆਈ.ਆਰ.ਡੀ. ਤੇ ਪੀ.ਆਰ. ਦੇ ਸਰੋਤ ਵਿਅਕਤੀਆਂ ਤੇ ਅਧਿਕਾਰੀਆਂ ਵੱਲੋਂ)

ਬਲਾਕ ਹੇਠ ਲਿਖੇ ਵਰਗਾਂ ਲਈ ਸਿਖਲਾਈ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਗੇ।

ੳ. ਸਥਾਈ ਕਮੇਟੀ ਦੇ ਮੈਂਬਰਾਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ

ਅ. ਬੁਨਿਆਦੀ ਪੱਧਰ ਦੇ ਅਧਿਕਾਰੀਆਂ ਨੂੰ ਹਾਲਤ ਵਾਕਫ਼ੀਅਤ ਪ੍ਰੋਗਰਾਮ

ਜ਼ਿਲ੍ਹੇ ਵੱਲੋਂ ਬਲਾਕ ਪੱਧਰ ਦੇ ਅਧਿਕਾਰੀਆਂ ਲਈ ਹਾਲਤ ਵਾਕਫ਼ੀਅਤ ਪ੍ਰੋਗਰਾਮ ਤੋਂ ਬਾਅਦ ਗ੍ਰਾਮ ਪੰਚਾਇਤ ਪੱਧਰ ਦੀ ਸਿਖਲਾਈ ਦੋ ਮਹੀਨਿਆਂ ਅੰਦਰ ਮੁਕੰਮਲ ਕੀਤੀ ਜਾਵੇਗੀ।

ਗ੍ਰਾਮ ਪੰਚਾਇਤ, ਬਲਾਕ ਤੇ ਜ਼ਿਲ੍ਹਾ ਪੱਧਰ ਦੇ ਸਾਰੇ ਅਧਿਕਾਰੀਆਂ ਨੂੰ ਐਸ.ਆਈ.ਆਰ.ਡੀ. ਤੇ ਪੀ.ਆਰ. ਵੱਲੋਂ ਮੁਹੱਈਆ ਕਰਵਾਏ ਸਿਖਲਾਈ ਮਾਡਿਊਲ, ਸਿਖਲਾਈ ਕੈਲੰਡਰ, ਵਸੀਲਾ ਸਮੱਗਰੀਆਂ ਤੇ ਲਾਗਤ-ਨੇਮਾਂ ਦੀ ਪਾਲਣਾ ਕੀਤੀ ਜਾਵੇਗੀ।

## 8. 5. ਸਿਖਲਾਈ ਤਾਲਮੇਲ

ਡਾਇਰੈਕਟਰ, ਐਸ.ਆਈ.ਆਰ.ਡੀ. ਤੇ ਪੀ.ਆਰ. ਨੂੰ ਸੂਬਾ ਪੱਧਰ ਦਾ ਨੋਡਲ ਅਧਿਕਾਰੀ ਨਾਮਜ਼ਦ ਕੀਤਾ ਗਿਆ ਹੈ। ਸੂਬਾ ਸਿਖਲਾਈ ਕੋਆਰਡੀਨੇਟਰ ਐਸ.ਆਈ.ਆਰ.ਡੀ. ਤੇ ਪੀ.ਆਰ. ਸਮਰੱਥਾ ਉਸਾਰੀ ਦੇ ਇੰਚਾਰਜ ਹੋਣਗੇ। ਜ਼ਿਲ੍ਹਾ ਪੱਧਰ ਉੱਤੇ ਏ.ਡੀ.ਸੀ. (ਵਿਕਾਸ) ਅਤੇ ਉਪ-ਮੁੱਖ ਕਾਰਜਕਾਰੀ ਅਧਿਕਾਰੀ ਕ੍ਰਮਵਾਰ ਜ਼ਿਲ੍ਹਾ ਨੋਡਲ ਅਧਿਕਾਰੀ ਅਤੇ ਜ਼ਿਲ੍ਹਾ ਸਿਖਲਾਈ ਕੋਆਰਡੀਨੇਟਰ ਹੋਣਗੇ। ਬਲਾਕ ਪੱਧਰ ਉੱਤੇ ਬੀ.ਡੀ.ਪੀ.ਓ. ਤੇ ਏ.ਪੀ.ਓ. ਮਗਨਰੇਗਾ ਇਹ ਪ੍ਰੋਗਰਾਮ ਕਰਵਾਉਣ ਲਈ ਕ੍ਰਮਵਾਰ ਨੋਡਲ ਅਧਿਕਾਰੀ ਅਤੇ ਸਿਖਲਾਈ ਕੋਆਰਡੀਨੇਟਰ ਹੋਣਗੇ।

ਐਸ.ਆਈ.ਆਰ.ਡੀ. ਤੇ ਪੀ.ਆਰ. ਵੱਲੋਂ ਜ਼ਿਲ੍ਹਾ ਪੱਧਰੀ ਸਿਖਲਾਈ ਪ੍ਰੋਗਰਾਮਾਂ ਉੱਤੇ ਨਜ਼ਰ ਰੱਖੀ ਜਾਵੇਗੀ, ਜਦ ਕਿ ਬਲਾਕ ਪੱਧਰ ਦੇ ਸਿਖਲਾਈ ਪ੍ਰੋਗਰਾਮਾਂ ਦੀ ਨਿਗਰਾਨੀ ਜ਼ਿਲ੍ਹਿਆਂ ਵੱਲੋਂ ਕੀਤੀ ਜਾਵੇਗੀ। ਸਿਖਲਾਈ ਮੁਕੰਮਲ ਹੋਣ ਤੋਂ ਬਾਅਦ ਬਲਾਕ ਵੱਲੋਂ ਆਪਣੀਆਂ ਰਿਪੋਰਟਾਂ ਜ਼ਿਲ੍ਹਿਆਂ ਨੂੰ ਭੇਜੀਆਂ ਜਾਣਗੀਆਂ, ਜਦ ਕਿ ਜ਼ਿਲ੍ਹੇ ਆਪਣੀ ਰਿਪੋਰਟ ਐਸ.ਆਈ.ਆਰ.ਡੀ. ਤੇ ਪੀ.ਆਰ. ਨੂੰ ਭੇਜਣਗੇ।

## 8. 6. ਫੁਟਕਲ

ਪੰਜਾਬ ਪੰਚਾਇਤੀ ਰਾਜ ਐਕਟ, 1994 ਤਹਿਤ ਕੀਤੇ ਪ੍ਰਬੰਧਾਂ ਮੁਤਾਬਕ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਤਿਆਰ ਕਰਨ ਲਈ ਗ੍ਰਾਮ ਸਭਾ ਬੁਲਾਈ ਜਾਵੇਗੀ।

ਗ੍ਰਾਮ ਪੰਚਾਇਤ ਵਿਕਾਸ ਯੋਜਨਾ ਨੂੰ ਸਫਲਤਾਪੂਰਬਕ ਤਿਆਰ ਕਰਨ ਅਤੇ ਹਰ ਪ੍ਰਕਾਰ ਦੇ ਸ਼ੰਕੇ ਅਤੇ ਅੜਿੱਕੇ, ਜੇ ਕੋਈ ਹੋਣ, ਯਕੀਨੀ ਤੌਰ 'ਤੇ ਦੂਰ ਕਰਨ ਲਈ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਵਿਭਾਗ ਨੋਡਲ ਵਿਭਾਗ ਵਜੋਂ ਕੰਮ ਕਰੇਗਾ।

ਡਿਪਟੀ ਕਮਿਸ਼ਨਰ/ਏ.ਡੀ.ਸੀ. (ਵਿਕਾਸ) ਸਾਰੀਆਂ ਸੇਧਾਂ ਦੀ ਇੰਨ-ਬਿੰਨ ਪਾਲਣਾ ਕਰਨ, ਸਮੁੱਚੀ ਯੋਜਨਾਬੰਦੀ ਦਾ ਸਹੀ ਢੰਗ ਨਾਲ ਇੰਤਜ਼ਾਮ ਕੀਤਾ ਜਾਣਾ ਯਕੀਨੀ ਬਣਾਉਣਗੇ ਅਤੇ ਅਧਿਕਾਰੀਆਂ/ਅਹੁਦੇਦਾਰਾਂ, ਪੰਚਾਇਤੀ ਰਾਜ ਅਦਾਰਿਆਂ ਦੇ ਮੈਂਬਰਾਂ ਤੇ ਸਥਾਨਕ ਨਿਵਾਸੀਆਂ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਤੇ ਉਨ੍ਹਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਉਨ੍ਹਾਂ ਨੂੰ ਸਾਫ਼ ਤੌਰ 'ਤੇ ਸਮਝਾਉਣਗੇ।

## ਅਨੁਲੱਗ: 1

## ਗ੍ਰਾਮ ਪੰਚਾਇਤ ਯੋਜਨਾਬੰਦੀ ਲਈ ਹਾਲਤ-ਜਾਇਜ਼ੇ ਹਿਤ ਗ੍ਰਾਮ ਪੰਚਾਇਤ ਪੱਧਰੀ ਸਥਾਈ ਕਮੇਟੀ ਦਾ ਖੇਤਰ

| ਸਥਾਈ ਕਮੇਟੀ ਨੰ. | ਦਿੱਤੇ ਗਏ ਵਿਸ਼ੇ | ਡਿਲਿਵਰੀਯੋਗ | ਸ਼ਾਮਲ ਹੋਣ ਵਾਲੇ ਮੈਂਬਰ |
|---|---|---|---|
| 1 | ਯੋਜਨਾਬੰਦੀ, ਵਿੱਤ, ਗ਼ਰੀਬੀ ਖ਼ਾਤਮਾ ਪ੍ਰੋਗਰਾਮ ਤੇ ਤਾਲਮੇਲ | • ਗ੍ਰਾਮ ਪੰਚਾਇਤ ਲਈ ਗ਼ਰੀਬੀ ਖ਼ਾਤਮਾ ਪ੍ਰੋਗਰਾਮਾਂ ਲਈ ਰੱਖੇ ਫ਼ੰਡ, ਜਿਵੇਂ ਮਗਨਰੇਗਾ ਦੀ ਸ਼ਨਾਖ਼ਤ ਕਰਨੀ।<br>• ਗ਼ਰੀਬੀ ਖ਼ਾਤਮਾ ਪ੍ਰੋਗਰਾਮਾਂ ਕਾਰਨ ਸਿਰਜੀਆਂ ਗਈਆਂ ਆਮਦਨ ਪੈਦਾ ਕਰਨ ਵਾਲੀਆਂ ਜਾਇਦਾਦਾਂ ਦਾ ਡੇਟਾ ਬੇਸ ਤਿਆਰ ਕਰਨਾ।<br>• ਆਮਦਨ ਪੈਦਾ ਕਰਨ ਵਾਲੀਆਂ ਜਾਇਦਾਦਾਂ ਲਈ ਲੰਮੇ ਸਮੇਂ ਤੇ ਚਾਲੂ ਸਾਲ ਦੀ ਤਰਜੀਹ ਅਤੇ ਸਹਾਇਤਾ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਸ਼ਨਾਖ਼ਤ ਕਰਨੀ। | • ਸਥਾਈ ਕਮੇਟੀ ਚੇਅਰਪਰਸਨ ਤੇ ਮੈਂਬਰ<br>• ਪੀ.ਐਸ., ਜੀ.ਆਰ.ਐਸ. ਅਤੇ ਗ੍ਰਾਮ ਪੰਚਾਇਤ ਦਾ ਸਰਪੰਚ |
| 2 | ਸਿੰਜਾਈ, ਬਿਜਲੀ, ਪੀਣ ਵਾਲਾ ਪਾਣੀ ਤੇ ਸੈਨੀਟੇਸ਼ਨ | • ਗ੍ਰਾਮ ਪੰਚਾਇਤ ਖੇਤਰ ਵਿੱਚ ਫ਼ੰਡਾਂ ਦੀ ਮੌਜੂਦਾ ਵੰਡ ਅਤੇ ਸਿੰਜਾਈ, ਪੀਣ ਵਾਲੇ ਪਾਣੀ ਤੇ ਸੈਨੀਟੇਸ਼ਨ ਤਹਿਤ ਸਿਰਜੇ ਗਏ ਬੁਨਿਆਦੀ ਢਾਂਚੇ ਦੀ ਸ਼ਨਾਖ਼ਤ ਕਰਨੀ।<br>• ਸਿੰਜਾਈ, ਬਿਜਲੀ, ਪੀਣ ਵਾਲੇ ਪਾਣੀ ਤੇ ਸਫ਼ਾਈ ਨਾਲ ਸਬੰਧਤ ਲਾਭਪਾਤਰੀਆਂ ਦਾ ਡੇਟਾ ਬੇਸ ਤਿਆਰ ਕਰਨਾ। | • ਸਥਾਈ ਕਮੇਟੀ ਚੇਅਰਪਰਸਨ ਤੇ ਮੈਂਬਰ<br>• ਜੇ.ਈ., ਆਰ.ਡਬਲਿਊ.ਐਸ.ਐਸ., ਜੇ.ਈ.-ਪੀ.ਡਬਲਿਊ.ਡੀ. ਤੇ ਜੇ.ਈ.-ਸਿੰਜਾਈ |
| 3 | ਕਮਜ਼ੋਰ ਤਬਕੇ ਦੀ ਭਲਾਈ | • ਕਮਜ਼ੋਰ ਤਬਕਿਆਂ ਤੇ ਕਵਰ ਕੀਤੇ ਜਾਣ ਵਾਲੇ ਲਾਭਪਾਤਰੀਆਂ ਦੀ ਭਲਾਈ ਲਈ ਰੱਖੇ ਫ਼ੰਡਾਂ ਦੀ ਸ਼ਨਾਖ਼ਤ ਕਰਨੀ। | • ਸਥਾਈ ਕਮੇਟੀ ਚੇਅਰਪਰਸਨ ਤੇ ਮੈਂਬਰ |
| 4 | ਸਿੱਖਿਆ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ | • ਖੇਡ ਦੇ ਮੈਦਾਨ, ਸਕੂਲ ਦੀ ਇਮਾਰਤ ਤੇ ਹੋਰ ਸਹੂਲਤਾਂ ਲਈ ਬੁਨਿਆਦੀ ਢਾਂਚੇ ਤੇ ਉਨ੍ਹਾਂ ਲਈ ਰੱਖੇ ਫ਼ੰਡ ਦੀ ਸ਼ਨਾਖ਼ਤ ਕਰਨਾ।<br>• ਗ੍ਰਾਮ ਪੰਚਾਇਤ ਖੇਤਰ ਵਿੱਚ ਸਿੱਖਿਆ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਬਾਰੇ ਲੰਮੇ ਸਮੇਂ ਦੀ ਅਤੇ ਚਾਲੂ ਸਾਲ ਦੀ ਤਰਜੀਹ, ਲੰਮੇ ਸਮੇਂ ਦੀ ਤਰਜੀਹ ਦੀ ਸ਼ਨਾਖ਼ਤ ਕਰਨੀ। | • ਸਥਾਈ ਕਮੇਟੀ ਚੇਅਰਪਰਸਨ ਤੇ ਮੈਂਬਰ |
| 5 | ਖੇਤੀਬਾੜੀ, ਪਸ਼ੂ ਪਾਲਣ | • ਖੇਤੀਬਾੜੀ, ਪਸ਼ੂ ਪਾਲਣ ਦੇ ਅਨੇਕਾਂ ਪ੍ਰੋਗਰਾਮਾਂ ਨਾਲ ਜੁੜੇ ਬੁਨਿਆਦੀ ਢਾਂਚੇ ਤੇ ਸਹਾਇਤਾ ਪ੍ਰਾਪਤ ਲਾਭਪਾਤਰੀਆਂ ਲਈ ਰੱਖੇ ਫ਼ੰਡਾਂ ਦੀ ਸ਼ਨਾਖ਼ਤ ਕਰਨੀ।<br>• ਗ੍ਰਾਮ ਪੰਚਾਇਤ ਦੇ ਇਲਾਕੇ ਵਿੱਚ ਖੇਤੀਬਾੜੀ, ਪਸ਼ੂ ਪਾਲਣ ਦੇ ਖੇਤਰਾਂ 'ਚ ਲੰਮੇ ਸਮੇਂ ਅਤੇ ਚਾਲੂ ਸਾਲ ਦੀ ਤਰਜੀਹ, ਲੰਮੇ ਸਮੇਂ ਦੀ ਤਰਜੀਹ ਦੀ ਸ਼ਨਾਖ਼ਤ ਕਰਨੀ। | • ਸਥਾਈ ਕਮੇਟੀ ਚੇਅਰਪਰਸਨ ਤੇ ਮੈਂਬਰ |
| 6 | ਸਿਹਤ, ਸਮਾਜ ਭਲਾਈ, ਮਹਿਲਾਵਾਂ ਤੇ ਬਾਲ ਵਿਕਾਸ | • ਸਿਹਤ, ਸਮਾਜ ਭਲਾਈ, ਮਹਿਲਾਵਾਂ ਤੇ ਬਾਲ ਵਿਕਾਸ ਜਿਹੇ ਪ੍ਰੋਗਰਾਮਾਂ ਤਹਿਤ ਆਉਂਦੇ ਬੁਨਿਆਦੀ ਢਾਂਚੇ ਤੇ ਲਾਭਪਾਤਰੀਆਂ ਅਤੇ ਉਨ੍ਹਾਂ ਲਈ ਰੱਖੇ ਫ਼ੰਡਾਂ ਦੀ ਸ਼ਨਾਖ਼ਤ ਕਰਨੀ<br>• ਗ੍ਰਾਮ ਪੰਚਾਇਤ ਦੇ ਇਲਾਕੇ ਵਿੱਚ ਸਿਹਤ, ਸਮਾਜ ਭਲਾਈ, ਮਹਿਲਾਵਾਂ ਤੇ ਬਾਲ ਵਿਕਾਸ ਖੇਤਰਾਂ ਵਿੱਚ ਲੰਮੇ ਸਮੇਂ ਤੇ ਚਾਲੂ ਸਾਲ ਦੀ ਤਰਜੀਹ ਤੇ ਲੰਮੇ ਸਮੇਂ ਦੀ ਤਰਜੀਹ ਦੀ ਸ਼ਨਾਖ਼ਤ ਕਰਨਾ। | • ਸਥਾਈ ਕਮੇਟੀ ਚੇਅਰਪਰਸਨ ਤੇ ਮੈਂਬਰ |

ਅਨੁਲੱਗ-2

ਰਾਜ ਵੱਲੋ ਜੀ.ਪੀ.ਡੀ.ਪੀ.
ਲਈ ਦਰਸਾਇਆ ਲੋਗੋ

## ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀ.ਪੀ.ਡੀ.ਪੀ)

ਗ੍ਰਾਮ ਪੰਚਾਇਤ ਦਾ ਨਾਮ:_______________

ਬਲਾਕ: _________ ਜ਼ਿਲ੍ਹਾ:________________

<ਜੇ ਇਹ ਪੰਜਵੀਂ ਅਨੁਸੂਚੀ ਦਾ ਖੇਤਰ ਹੋਵੇ ਤਾਂ ਲਿਖੋ>

### ੳ) ਗ੍ਰਾਮ ਪੰਚਾਇਤ ਬਾਰੇ ਮੁੱਢਲੀ ਜਾਣਕਾਰੀ

- ਗ੍ਰਾਮ ਪੰਚਾਇਤ ਦੀ ਰੂਪ ਰੇਖਾ
- ਆਬਾਦੀ ਬਾਰੇ ਵੇਰਵਾ
- ਸਮਾਜਿਕ ਆਰਥਿਕ ਪੈਮਾਨੇ
- ਰੋਜ਼ਗਾਰ ਦੇ ਵਸੀਲੇ
- ਕੁਦਰਤੀ ਵਸੀਲੇ
- ਪੇਂਡੂ ਅਦਾਰੇ ਆਦਿ

### ਚੁਣੇ ਹੋਏ ਮੈਬਰਾਂ ਬਾਰੇ ਜਾਣਕਾਰੀ

| ਲੜੀ ਨੰ. | ਅਹੁਦਾ | ਨਾਮ | ਉਮਰ/ਜਨਮ ਦੀ ਮਿਤੀ | ਲਿੰਗ | ਵਿੱਦਿਅਕ ਯੋਗਤਾ | ਕੈਟਾਗਿਰੀ | ਪਿੰਡ | ਵਾਰਡ |
|---|---|---|---|---|---|---|---|---|
| | | | | | | | | |
| | | | | | | | | |
| | | | | | | | | |

### ਪੰਚਾਇਤੀ ਸਟਾਫ

| ਲੜੀ ਨੰ. | ਨਾਮ | ਅਹੁਦਾ | ਵਿੱਦਿਅਕ ਯੋਗਤਾ | ਜਾਬ ਦੀ ਕਿਸਮ (ਰੈਗੂਲਰ, ਠੇਕਾ ਅਧਾਰਿਤ, ਪਾਰਟ ਟਾਈਮ) | ਟਿੱਪਣੀ |
|---|---|---|---|---|---|
| | | | | | |

### ਗ੍ਰਾਮ ਪੰਚਾਇਤ ਪੱਧਰ ਦੀਆਂ ਕਮੇਟੀਆਂ ਤੇ ਉਪ-ਕਮੇਟੀਆਂ (ਅਤੇ ਉਨ੍ਹਾਂ ਦੇ ਮੈਂਬਰ)

1. ਸਥਾਈ ਕਮੇਟੀਆਂ ਦੀ ਸੂਚੀ
   (ਮਿਸਾਲ ਵਜੋਂ ਸਮਾਜਿਕ ਨਿਆਂ ਵਰਕਿੰਗ ਗਰੁੱਪ)-(ਚੇਅਰਪਰਸਨਜ਼ ਅਤੇ ਮੈਬਰਾਂ ਦੇ ਨਾਂ)

2. ਕੰਮਾਂ/ਪ੍ਰੋਗਰਾਮਾਂ ਨਾਲ ਸਬੰਧਤ ਕਮੇਟੀਆਂ ਦੀ ਸੂਚੀ
   (ਮਿਸਾਲ ਵਜੋਂ ਸਵੱਛ ਭਾਰਤ ਕਮੇਟੀ) (ਚੇਅਰਪਰਸਨਜ਼ ਅਤੇ ਮੈਬਰਾਂ ਦੇ ਨਾਂ)
3. ਵਿਕੇਂਦਰੀਕ੍ਰਿਤ ਯੋਜਨਾ ਤਿਆਰ ਕਰਨ ਵਾਲੀਆਂ ਹੋਰ ਸਬੰਧਤ ਕਮੇਟੀਆਂ ਦੀ ਸੂਚੀ
4. ਚਾਰਜ ਅਫਸਰ ਦਾ ਨਾਂ/ਪਤਾ/ਸੰਪਰਕ ਨੰਬਰ
5. ਪਿੰਡ ਪੱਧਰ ਉੱਤੇ ਉਪਲਬਧ ਰਿਸੋਰਸ ਪਰਸਨ ਦਾ ਨਾਂ/ਸੰਪਰਕ ਨੰਬਰ
6. ਗ੍ਰਾਮ ਪੰਚਾਇਤ ਦਫਤਰ ਵਿੱਚ ਜੀ.ਪੀ.ਡੀ.ਪੀ. ਨਾਲ ਸਬੰਧਤ ਕਰਮਚਾਰੀ ਦਾ ਨਾਂ/ਅਹੁਦਾ ਅਤੇ ਸੰਪਰਕ ਨੰਬਰ
7. ਜੀ.ਪੀ.ਡੀ.ਪੀ. ਨਾਲ ਜੁੜੇ ਹੋਰ ਸਰਕਾਰੀ ਕਰਮਚਾਰੀਆਂ/ਸਹਾਇਕ ਸਟਾਫ ਦੇ ਨਾਂ
8. ਗ੍ਰਾਮ ਪੰਚਾਇਤ ਲਈ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਰਿਸੋਰਸ ਗਰੁੱਪ/ਵਿਅਕਤੀਆਂ ਦੇ ਨਾਂ

## ਅ) ਸ਼ਮੂਲੀਅਤਕਾਰੀ ਯੋਜਨਾਬੰਦੀ

ਜੀ.ਪੀ.ਡੀ.ਪੀ. ਤਹਿਤ (ਸਾਲ 2015-16) ਦੀਆਂ ਸਰਗਰਮੀਆਂ

| ਲੜੀ. ਨੰ. | ਸਰਗਰਮੀ | ਪਹਿਲੀ ਮੀਟਿੰਗ ਦੀ ਮਿਤੀ | ਹਿੱਸਾ ਲੈਣ ਵਾਲਿਆਂ ਦੀ ਗਿਣਤੀ | ਦੂਜੀ ਮੀਟਿੰਗ ਦੀ ਮਿਤੀ | ਹਿੱਸਾ ਲੈਣ ਵਾਲਿਆਂ ਦੀ ਗਿਣਤੀ | ਤੀਜੀ ਮੀਟਿੰਗ ਦੀ ਮਿਤੀ | ਹਿੱਸਾ ਲੈਣ ਵਾਲਿਆਂ ਦੀ ਗਿਣਤੀ |
|---|---|---|---|---|---|---|---|
| 1 | ਗ੍ਰਾਮ ਸਭਾ ਦੀਆਂ ਮੀਟਿੰਗਾਂ | | | | | | |
| 2 | ਸਬੰਧਤ ਧਿਰਾਂ ਨਾਲ ਵਿਚਾਰ ਵਟਾਂਦਰਾ | | | | | | |
| 3 | ਵਰਕਿੰਗ ਗਰੁੱਪ ਦੀਆਂ ਮੀਟਿੰਗਾਂ | | | | | | |
| 4 | ਰਿਸੋਰਸ ਗਰੁੱਪ ਦੀਆਂ ਮੀਟਿੰਗਾਂ | | | | | | |
| 5 | ਯੋਜਨਾਂ ਨੂੰ ਅੰਤਿਮ ਰੂਪ ਦੇਣ ਲਈ ਗ੍ਰਾਮ ਪੰਚਾਇਤ ਦੀ ਮੀਟਿੰਗ | | | | | | |

- ਗ੍ਰਾਮ ਪੰਚਾਇਤ ਲਈ ਯੋਜਨਾ ਬਣਾਉਣ ਲਈ ਸ਼ੁਰੂ ਕੀਤੀਆਂ ਗਈਆਂ ਵੱਖ-ਵੱਖ ਸਰਗਰਮੀਆਂ ਦਾ ਸੰਖੇਪ ਵਰਨਣ ਦਰਜ ਕਰੋ।

**ਹਾਲਤ ਦਾ ਜਾਇਜ਼ਾ**

ੳ) ਡੇਟਾ ਇਕੱਤਰ ਕਰਨਾ

ਅ) ਸਰਵੇ, ਜੇ ਕੋਈ ਕੀਤਾ ਹੋਵੇ

| **ਲੜੀ ਨੰ.** | **ਸ਼ਨਾਖਤਸ਼ੁਦਾ ਮੁੱਦੇ/ ਸਮੱਸਿਆਵਾਂ** | **ਮੁੱਦਿਆਂ/ ਸਮੱਸਿਆਵਾਂ ਦੇ ਹੱਲ ਲਈ ਸੁਝਾਇਆ ਢੰਗ** |
|---|---|---|
| | | |
| | | |

**(ਸਾਲ 2016-17) ਦੇ ਲਈ ਜੁਟਾਏ ਗਏ ਵਸੀਲੇ :**

ਗ੍ਰਾਮ ਪੰਚਾਇਤਾਂ ਲਈ ਵੱਖ-ਵੱਖ ਵਸੀਲਿਆਂ ਤੋਂ ਫੰਡਾਂ ਦੀ ਉਪਲਬਧਤਾ ਦਰਸਾਈ ਜਾਵੇ, ਵਸੀਲਿਆਂ ਦੀ ਸੰਕੇਤਿਕ ਲਿਸਟ ਹੇਠਾਂ ਦਿੱਤੀ ਜਾਂਦੀ ਹੈ:-

- 14ਵੇਂ ਵਿੱਤ ਕਮਿਸ਼ਨ ਦੀਆਂ ਗਰਾਂਟਾਂ
- ਰਾਜ ਵਿੱਤ ਕਮਿਸ਼ਨ ਵੱਲੋਂ ਵੰਡੀ ਗਈ ਰਕਮ
- ਗ੍ਰਾਮ ਪੰਚਾਇਤਾਂ ਦੇ ਆਪਣੇ ਸਾਧਨਾਂ ਤੋਂ ਆਮਦਨ
- ਮਗਨਰੇਗਾ
- ਗ੍ਰਾਮ ਪੰਚਾਇਤਾਂ ਵੱਲੋਂ ਲਾਗੂ ਹੋਰ ਕੇਂਦਰੀ ਇਮਦਾਦ ਵਾਲੀਆਂ ਸਕੀਮਾਂ
- ਰਾਜ ਯੋਜਨਾ ਸਕੀਮ ਤਹਿਤ ਗਰਾਂਟਾਂ
- ਸਥਾਨਕ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾਣ ਵਾਲੀਆਂ ਬਾਹਰਲੀ ਮਦਦ ਵਾਲੀਆਂ ਸਕੀਮਾਂ ਲਈ ਗਰਾਂਟ
- ਸਮਾਜ ਅਤੇ ਸਬੰਧਤ ਧਿਰਾਂ ਵੱਲੋਂ ਦਾਨ

## ਸਾਲਾਨਾ ਯੋਜਨਾ

1. ਜਨਤਕ ਕਾਰਜ

| ਗ੍ਰਾਮ ਸਭਾ ਵੱਲੋਂ ਸੁਝਾਏ ਗਏ ਕੰਮ | ਗ੍ਰਾਮ ਪੰਚਾਇਤ ਵੱਲੋ ਪਾਸ ਕੀਤੇ ਗਏ ਕੰਮ | ਕਾਰਜ ਦਾ ਸਥਾਨ | ਲਾਗਤ | ਫੰਡਾਂ ਦੇ ਵਸੀਲੇ | ਤਕਨੀਕੀ ਪ੍ਰਵਾਨਗੀ ਅਤੇ ਦੇਖਰੇਖ ਕਰਨ ਵਾਲੀ ਏਜੰਸੀ | ਕਾਰਜ ਲਾਗੂ ਕਰਨ ਵਾਲੀ ਏਜੰਸੀ |
|---|---|---|---|---|---|---|
| | | | | | | |
| | | | | | | |

2. ਲਾਭਪਾਤਰੀ ਲਈ ਪ੍ਰੋਗਰਾਮ

| ਪ੍ਰੋਗਰਾਮ/ਸਕੀਮ ਦਾ ਨਾਮ | ਲਾਭਪਾਤਰੀਆਂ ਦੀ ਗਿਣਤੀ | | | ਕਾਰਜ ਲਾਗੂ ਕਰਨ ਵਾਲੀ ਏਜੰਸੀ |
|---|---|---|---|---|
| | ਐਸ.ਸੀ | ਐਸ.ਟੀ. | ਜਨਰਲ | |
| | | | | |
| | | | | |
| | | | | |

3. ਬਿਨਾਂ ਲਾਗਤ ਤੋਂ ਵਿਕਾਸ ਸਰਗਰਮੀਆਂ

| ਸਰਗਰਮੀਆਂ ਦੇ ਨਾਲ ਪ੍ਰੋਗਰਾਮ ਦਾ ਸੰਖੇਪ ਵੇਰਵਾ | ਲਾਗੂ ਕਰਨ ਦਾ ਤਰੀਕਾ | ਸੰਭਾਵਤ ਨਤੀਜੇ |
|---|---|---|
| | | |
| | | |
| | | |

## ਪੰਜ ਸਾਲਾ ਯੋਜਨਾ

1. ਜਨਤਕ ਕਾਰਜ

| ਗ੍ਰਾਮ ਸਭਾ ਵੱਲੋਂ ਸੁਝਾਏ ਗਏ ਕੰਮ | ਗ੍ਰਾਮ ਪੰਚਾਇਤ ਵੱਲੋ ਪਾਸ ਕੀਤੇ ਗਏ ਕੰਮ | ਲਾਗਤ | ਫੰਡਾਂ ਦੇ ਵਸੀਲੇ |
|---|---|---|---|
| | | | |
| | | | |

2. ਲਾਭਪਾਤਰੀ ਲਈ ਪ੍ਰੋਗਰਾਮ

| ਪ੍ਰੋਗਰਾਮ | ਲਾਭਪਾਤਰੀਆਂ ਦੀ ਗਿਣਤੀ | | | ਕਾਰਜ ਲਾਗੂ ਕਰਨ ਵਾਲੀ ਏਜੰਸੀ |
|---|---|---|---|---|
| | ਐਸ.ਸੀ | ਐਸ.ਟੀ. | ਜਨਰਲ | |
| | | | | |
| | | | | |
| | | | | |

3. ਬਿਨਾਂ ਖਰਚੇ ਤੋਂ ਵਿਕਾਸ

| ਸਰਗਰਮੀਆਂ ਦੇ ਨਾਲ ਪ੍ਰੋਗਰਾਮ ਦਾ ਸੰਖੇਪ ਵੇਰਵਾ | ਲਾਗੂ ਕਰਨ ਦਾ ਤਰੀਕਾ | ਸੰਭਾਵਤ ਨਤੀਜੇ |
|---|---|---|

| | | |
|---|---|---|
| | | |
| | | |
| | | |

- **ਤਕਨੀਕੀ ਅਤੇ ਪ੍ਰਬੰਧਕੀ ਮਨਜ਼ੂਰੀ**
    - ਪ੍ਰਬੰਧਕੀ ਮਨਜ਼ੂਰੀ ਲਈ ਅਧਿਕਾਰੀ
    - ਮਨਜ਼ੂਰੀ ਲਈ ਅਧਿਕਾਰੀ

**ਨੱਥੀ: (ਕਿਸੇ ਵੀ ਖ਼ਾਸ ਗ੍ਰਾਮ ਪੰਚਾਇਤ ਸਬੰਧੀ ਰਿਪੋਰਟ, ਮੀਟਿੰਗ ਦੀ ਕਾਰਵਾਈ ਆਦਿ। ਮਿਸਾਲ ਵਜੋਂ ਨਮੂਨਾ ਰਿਪੋਰਟਾਂ ਦੀ ਸੂਚੀ ਹੇਠਾਂ ਦਿੱਤੀ ਜਾਂਦੀ ਹੈ। ਇਸ ਵਿੱਚ ਰਾਜ-ਦਰ-ਰਾਜ ਜੀਪੀਡੀਪੀ ਸਬੰਧੀ ਖਾਸ ਸੇਧਾਂ ਦੇ ਮੁਤਾਬਕ ਫ਼ਰਕ ਹੋ ਸਕਦਾ ਹੈ)**

ਨੱਥੀ 1: ਗ੍ਰਾਮ ਸਭਾ ਦੀ(ਆਂ) ਮੀਟਿੰਗ(ਾਂ) ਦੀ ਕਾਰਵਾਈ

ਨੱਥੀ 2: ਕਾਰਜ ਸਮੂਹਾਂ ਦੀ(ਆਂ) ਰਿਪੋਰਟ(ਾਂ)

ਨੱਥੀ 3: ਹਾਲਤ ਵਿਸ਼ਲੇਸ਼ਣ ਰਿਪੋਰਟ(ਾਂ)

ਨੱਥੀ 4: ਗ੍ਰਾਮ ਪੰਚਾਇਤ ਯੋਜਨਾ ਦੀ ਮਨਜ਼ੂਰੀ ਦੀ ਕਾਰਵਾਈ/ਮਤੇ

**ਪ੍ਰਚਾਰ**

ਗ੍ਰਾਮ ਪੰਚਾਇਤ ਦੀ ਯੋਜਨਾ ਦੇ ਮਨਜ਼ੂਰਸ਼ੁਦਾ ਹਿੱਸਿਆਂ ਦਾ ਲਾਜ਼ਮੀ ਪ੍ਰਚਾਰ ਕਰਨਾ ਹੋਵੇਗਾ। ਗ੍ਰਾਮ ਪੰਚਾਇਤ ਦੇ ਨੋਟਿਸ ਬੋਰਡ ਉੱਤੇ ਲਾਉਣ ਤੋਂ ਇਲਾਵਾ, ਯੋਜਨਾ ਨੂੰ ਜ਼ਰੂਰ ਹੀ ਜਨਤਕ ਥਾਵਾਂ; ਜਿਵੇਂ ਪਿੰਡ ਦੀ ਸੱਥ, ਜਨਤਕ ਵੰਡ ਪ੍ਰਣਾਲੀ ਦੇ ਕੇਂਦਰਾਂ, ਸਿਹਤ ਕੇਂਦਰ, ਕ੍ਰਿਸ਼ੀ ਭਵਨ, ਪਿੰਡ ਦੇ ਦਫ਼ਤਰ ਆਦਿ 'ਤੇ ਵੀ ਲਾਉਣਾ ਹੋਵੇਗਾ। ਅੰਤਿਮ ਯੋਜਨਾ ਨੂੰ ਅਹਿਮ ਸਬੰਧਤ ਨਿਵਾਸੀਆਂ; ਜਿਵੇਂ ਕਿ ਵਰਤੋਂਕਾਰ ਸਮੂਹਾਂ, ਸਵੈ–ਸਹਾਇਤਾ ਸਮੂਹ (ਐਸ.ਐਚ.ਜੀ.) ਫ਼ੈਡਰੇਸ਼ਨ ਆਦਿ ਨਾਲ ਸਾਂਝਾ ਕੀਤਾ ਜਾ ਸਕਦਾ ਹੈ। ਸਾਲ ਦੌਰਾਨ ਸੱਦੀ ਜਾਣ ਵਾਲੀ ਹਰੇਕ ਗ੍ਰਾਮ ਸਭਾ ਦੀ ਮੀਟਿੰਗ ਦੌਰਾਨ ਇੱਕ ਅਜਿਹੀ ਖ਼ਾਸ ਏਜੰਡਾ ਮੱਦ ਜ਼ਰੂਰ ਹੋਣੀ ਚਾਹੀਦੀ ਹੈ, ਜਿਸ ਵਿੱਚ 'ਜੀ.ਪੀ.ਡੀ.ਪੀ.' (ਗ੍ਰਾਮ ਪੰਚਾਇਤ ਵਿਕਾਸ ਯੋਜਨਾ) ਬਾਰੇ ਜ਼ਿਕਰ ਕੀਤਾ ਗਿਆ ਹੋਵੇ, ਭਾਵੇਂ ਉਸ ਮੀਟਿੰਗ ਦਾ ਮੁੱਖ ਏਜੰਡਾ ਜੀ.ਪੀ.ਡੀ.ਪੀ. ਨਾਲ ਸਬੰਧਤ ਨਾ ਵੀ ਹੋਵੇ।

**ਗ੍ਰਾਮ ਪੰਚਾਇਤ .......................................ਨੋਟਿਸ ਬੋਰਡ**
**ਸਾਲ ............ ਲਈ ਮਨਜ਼ੂਰਸ਼ੁਦਾ ਪ੍ਰਾਜੈਕਟਾਂ ਦੇ ਵੇਰਵੇ**

| ਲੜੀ ਨੰ. | ਪ੍ਰਾਜੈਕਟ ਦਾ ਨਾਮ | ਟੀਚਾ | ਪ੍ਰਮੁੱਖ ਭਾਗ | ਲਾਗਤ | ਲਾਗੂ ਕਰਨ ਦੀ ਮਿਆਦ | ਲਾਗੂ ਕਰਨ ਦਾ ਤਰੀਕਾ |
|---|---|---|---|---|---|---|
| | | | | | | |
| | | | | | | |
| | | | | | | |
| | | | | | | |

**ਵਿੱਤੀ ਵਸੀਲਾ ਘੇਰੇ ਦਾ ਹਿਸਾਬ ਲਾਉਣ ਲਈ ਫਾਰਮੈਟ**

| ਲੜੀ ਨੰ. | ਸਕੀਮਾਂ | ਪਿਛਲੇ ਮਾਲੀ ਸਾਲ ਦੌਰਾਨ ਮਿਲੀ ਰਕਮ (ਰੁਪਿਆਂ 'ਚ)** | ਆਗਾਮੀ ਸਾਲ ਦੌਰਾਨ ਆਉਣ ਵਾਲਾ ਖਰਚਾ (ਸਾਲਾਨਾ ਯੋਜਨਾ) (ਰੁਪਿਆਂ 'ਚ)** |
|---|---|---|---|
| | **ਬੱਝਵੀਆਂ ਸਕੀਮਾਂ** | | |
| 1. | ਸਵੱਛ ਭਾਰਤ ਮਿਸ਼ਨ | | |
| 2. | -- | | |
| 3. | -- | | |
| | **ਖੁੱਲ੍ਹੇ ਫੰਡ** | | |
| 1. | 14ਵਾਂ ਵਿੱਤ ਕਮਿਸ਼ਨ | | |
| 2. | ਰਾਜ ਵਿੱਤ ਕਮਿਸ਼ਨ | | |
| 3. | ਆਪਣੇ ਵਸੀਲਿਆਂ ਤੋਂ ਆਮਦਨ | | |
| 4. | ਮਗਨਰੇਗਾ | | |
| 5. | ਦਾਨ | | |
| | -- | | |
| ਕੁੱਲ | | | |

****ਨੋਟ: ਆਗਾਮੀ ਸਾਲ ਦੌਰਾਨ ਲੱਗਣ ਵਾਲੇ ਸੰਭਾਵਿਤ ਖ਼ਰਚੇ ਦਾ ਹਿਸਾਬ ਲਾਉਣ ਦਾ ਮਿਆਰੀ ਤਰੀਕਾ ਹੈ ਕਿ ਪਿਛਲੇ ਸਾਲ ਦੌਰਾਨ ਹਾਸਲ ਹੋਈ ਰਕਮ ਵਿੱਚ 10 ਫ਼ੀਸਦੀ ਜੋੜ ਦਿੱਤਾ ਜਾਵੇ।**

## ਅੰਦਾਜ਼ਾ ਲਾਉਣ ਸਬੰਧੀ ਫਾਰਮੈਟ

ਗ੍ਰਾਮ ਪੰਚਾਇਤ ਦਾ ਨਾਮ: ਵਿਕਾਸ ਸੈਕਟਰ :

ਪ੍ਰਾਜੈਕਟ ਦੀ ਕਿਸਮ: ਸਿਰਲੇਖ:

<table>
<tr><th>ਲੜੀ ਨੰ.</th><th>ਵੇਰਵੇ</th><th></th></tr>
<tr><td>1.</td><td>ਜਾਣ-ਪਛਾਣ</td><td></td></tr>
<tr><td>2.</td><td>ਤਰਕ</td><td></td></tr>
<tr><td>3.</td><td>ਪ੍ਰਾਜੈਕਟ ਦਾ ਮਕਸਦ</td><td></td></tr>
<tr><td>4.</td><td>ਸੰਭਾਵਤ ਨਤੀਜੇ</td><td></td></tr>
<tr><td>5.</td><td>ਸਥਾਨ</td><td></td></tr>
<tr><td>6.</td><td>ਪ੍ਰਾਜੈਕਟ ਦੇ ਹਿੱਸੇ</td><td></td></tr>
<tr><td>7.</td><td>ਲਾਗੂ ਕਰਨ ਦਾ ਤਰੀਕਾ ਤੇ ਏਜੰਸੀ</td><td></td></tr>
<tr><td>8.</td><td>ਕਾਰਵਾਈ ਅਤੇ ਸਾਂਭ-ਸੰਭਾਲ ਪ੍ਰਬੰਧ</td><td></td></tr>
<tr><td>9.</td><td>ਨਿਗਰਾਨੀ ਪ੍ਰਬੰਧ</td><td></td></tr>
<tr><td>10.</td><td>ਬਜਟ</td><td>
<table>
<tr><td>ਮੱਦ</td><td>ਐਫ.ਐਫ.ਸੀ.</td><td>ਓ.ਐਸ.ਆਰ.</td><td>ਮਗਨਰੇਗਾ</td><td>ਐਨ.ਆਰ. ਐਲ.ਐਮ.</td><td>ਹੋਰ</td><td>ਕੁੱਲ</td></tr>
<tr><td></td><td></td><td></td><td></td><td></td><td></td><td></td></tr>
<tr><td>ਕੁੱਲ</td><td></td><td></td><td></td><td></td><td></td><td></td></tr>
</table>
</td></tr>
<tr><td>11.</td><td>ਸਮਾਂ-ਕਾਲ</td><td>
<table>
<tr><td>ਸਰਗਰਮੀ</td><td>ਜਨਵਰੀ – ਫਰਵਰੀ</td><td>ਮਾਰਚ- ਅਪ੍ਰੈਲ</td><td>ਮਈ – ਜੂਨ</td><td>ਜੁਲਾਈ- ਅਗਸਤ</td><td>ਸਤੰਬਰ- ਅਕਤੂਬਰ</td><td>ਨਵੰਬਰ- ਦਸੰਬਰ</td></tr>
<tr><td>1.</td><td></td><td></td><td></td><td></td><td></td><td></td></tr>
<tr><td>2.</td><td></td><td></td><td></td><td></td><td></td><td></td></tr>
</table>
</td></tr>
</table>

ਅਨੁਲੱਗ–4

# ਐਸ.ਏ.ਜੀ.ਵਾਈ. ਅਤੇ ਜੀ.ਪੀ.ਡੀ.ਪੀ. ਵਿਚਾਲੇ ਤਾਲਮੇਲ

'ਸਾਂਸਦ ਆਦਰਸ਼ ਗ੍ਰਾਮ ਯੋਜਨਾ' (ਐਸ.ਏ.ਜੀ.ਵਾਈ.) ਗੇੜ- 1 ਦੀ ਸ਼ੁਰੂਆਤ ਅਕਤੂਬਰ 2014 ਵਿੱਚ ਹੋਈ ਸੀ ਅਤੇ ਐਸ.ਏ.ਜੀ.ਵਾਈ. ਦਾ ਦੂਜਾ ਗੇੜ (ਗੇੜ- 2) ਹੁਣੇ ਸ਼ੁਰੂ ਹੋਇਆ ਹੈ। 14ਵੇਂ ਵਿੱਤ ਕਮਿਸ਼ਨ ਵੱਲੋਂ ਗ੍ਰਾਮ ਪੰਚਾਇਤਾਂ ਨੂੰ ਨਿੱਗਰ ਅਖ਼ਤਿਆਰ ਸਪੁਰਦਗੀ ਕਾਰਨ, ਸੂਬਿਆਂ ਨੇ 'ਲੋਕ-ਸ਼ਮੂਲੀਅਤਕਾਰੀ ਢੰਗ-ਤਰੀਕੇ' ਤੋਂ ਬਾਅਦ ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ (ਜੀ.ਪੀ.ਡੀ.ਪੀਜ਼) ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਅਜਿਹੀਆਂ ਪੰਚਾਇਤਾਂ ਨੂੰ ਐਸ.ਏ.ਜੀ.ਵਾਈ. ਅਤੇ ਜੀ.ਪੀ.ਡੀ.ਪੀ. ਵਿਚਾਲੇ ਤਾਲਮੇਲ ਲਿਆਉਣਾ ਚਾਹੀਦਾ ਹੈ। ਇਸ ਲਈ ਹੇਠ ਲਿਖੇ ਸੁਝਾਅ ਦਿੱਤੇ ਜਾਂਦੇ ਹਨ:

1) ਜੀ.ਪੀ.ਡੀ.ਪੀ. ਲਈ ਐਸ.ਏ.ਜੀ.ਵਾਈ. ਨਮੂਨਾ ਪੰਚਾਇਤਾਂ ਵਿਕਸਤ ਕੀਤੀਆਂ ਜਾ ਸਕਦੀਆਂ ਹਨ।
2) ਇਨ੍ਹਾਂ ਪੰਚਾਇਤਾਂ ਵਿੱਚ ਲੋਕ-ਸ਼ਮੂਲੀਅਤ, ਪਾਰਦਰਸ਼ਤਾ ਅਤੇ ਜਵਾਬਦੇਹੀ ਵੱਧ ਤੋਂ ਵੱਧ ਹੋਣੀ ਚਾਹੀਦੀ ਹੈ।
3) ਜਿੱਥੋਂ ਤੱਕ ਸੰਭਵ ਹੋ ਸਕੇ, ਸਥਾਨਕ ਪੱਧਰ ਉੱਤੇ ਵਿਸ਼ਾਗਤ ਦਖ਼ਲਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ – ਜਿਵੇਂ ਕੁੜੀਆਂ-ਮੁੰਡਿਆਂ ਨੂੰ ਬਰਾਬਰ ਸਮਝਣ ਵਾਲੀ ਪੰਚਾਇਤ, ਬੱਚਿਆਂ ਪ੍ਰਤੀ ਦੋਸਤਾਨਾ ਪੰਚਾਇਤ, ਸਵੱਛ ਪੰਚਾਇਤ, ਸਾਖਰ ਪੰਚਾਇਤ, ਈ-ਸਾਖਰ ਪੰਚਾਇਤ, ਕੁਪੋਸ਼ਣ-ਮੁਕਤ ਪੰਚਾਇਤ ਅਤੇ ਇੰਝ ਹੀ ਹੋਰ ਵਿਸ਼ੇ।
4) ਗ਼ਰੀਬੀ ਦੇ ਖ਼ਾਤਮੇ ਵੱਲ ਸੇਧਿਤ ਰੋਜ਼ਗਾਰ ਯੋਜਨਾਵਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ।
5) ਇਹ ਪੰਚਾਇਤਾਂ ਵਸੀਲਿਆਂ ਅਤੇ ਯੋਜਨਾਵਾਂ ਦੀ ਵੱਧ ਤੋਂ ਵੱਧ ਕੇਂਦਰਮੁਖਤਾ ਦੀਆਂ ਮਿਸਾਲਾਂ ਵਜੋਂ ਵਿਕਸਤ ਕੀਤੀਆਂ ਜਾ ਸਕਦੀਆਂ ਹਨ।
6) ਈ-ਪੰਚਾਇਤਾਂ ਸਮੇਤ ਚੰਗੇ ਸ਼ਾਸਨ ਦੀਆਂ ਪਹਿਲਕਦਮੀਆਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕਦਾ ਹੈ।
7) ਉਚੇਰੀ ਸਿੱਖਿਆ ਵਾਲੇ ਅਜਿਹੇ ਅਦਾਰੇ, ਜੋ ਅਗਵਾਈ ਦੇਣ ਵਾਲੀ ਭੂਮਿਕਾ ਨਿਭਾ ਸਕਦੇ ਹਨ, ਨਾਲ ਪੰਚਾਇਤਾਂ ਨੂੰ ਜੋੜਨ ਲਈ 'ਉਨਤ ਭਾਰਤ ਅਭਿਆਨ' ਦੇ ਮੌਕਿਆਂ ਦਾ ਸਰਗਰਮੀ ਨਾਲ ਲਾਹਾ ਲੈਣਾ ਚਾਹੀਦਾ ਹੈ।